ਤੁਸੀ ਆਪਣੇ ਬਿਜਨਸ ਦੀ ਐਡ ਇਸ ਥਾਂ 'ਤੇ ਲਗਵਾ ਸਕਦੇ ਹੋ

The Punjabi Newspaper
ਪੰਜਾਬੀਅਤ ਦਾ ਪਰਚਮ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਵਾਲ ਨਾਲ ਸੰਪਰਕ ਕਰੋ
1 306 520 4313
ਮੁੱਖ ਦਫਤਰ: 1 403 640 2000

Vol: 12 No: 268 Website : www.punjabiakhbaar.ca Email: editor@punjabiakhbaar.ca Friday, 23 May 2025

# ਕੈਨੇਡਾ ਦੇ ਨਵੇਂ ਮੰਤਰੀ ਮੰਡਲ ਦਾ ਐਲਾਨ

## ਪੰਜਾਬੀ ਮੂਲ ਦੇ ਮਨਿੰਦਰ ਸਿੱਧੂ ਅਤੇ ਅਨੀਤਾ ਆਨੰਦ ਕੈਬਨਿਟ ਟੀਮ, ਰੂਬੀ ਸਹੋਤਾ ਅਤੇ ਰਣਦੀਪ ਸਰਾਏ ਰਾਜ ਸਕੱਤਰ ਬਣੇ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਕੈਬਨਿਟ ਟੀਮ ਦਾ ਐਲਾਨ ਕਰ ਦਿੱਤਾ ਹੈ । ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਇਸ ਵਾਰ ਦੋ ਪੱਧਰੀ ਕੈਬਨਿਟ 'ਚ 28 ਕੈਬਨਿਟ ਮੰਤਰੀ ਸ਼ਾਮਿਲ ਕੀਤੇ ਹਨ ਜਿਸ 'ਚ ਪੁਰਾਣੇ ਵੱਡੇ ਚਿਹਰੇ ਨਾਦਾਰਦ ਤਰ ਦਿੱਤੇ ਗਏ ਹਨ । ਇਸ ਵਿੱਚ ਤਿੰਨ ਪੰਜਾਬੀ ਚਿਹਰੇ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ 'ਚ ਬਰੈਂਪਟਨ ਤੋਂ ਮਨਿੰਦਰ ਸਿੱਧੂ ਅਤੇ ਭਾਰਤੀ ਭਾਈਚਾਰੇ ਤੋਂ ਅਨੀਤਾ ਆਨੰਦ ਨੂੰ ਕੈਬਨਿਟ ਟੀਮ 'ਚ ਸ਼ਾਮਿਲ ਕੀਤਾ ਗਿਆ ਜਦੋਂ ਕਿ ਰੂਬੀ ਸਹੋਤਾ ਅਤੇ ਰਣਦੀਪ ਸਰਾਏ ਨੂੰ ਰਾਜ ਸਕੱਤਰ ਮੰਤਰੀਆਂ ਦੀ ਟੀਮ ਵਿੱਚ ਸ਼ਾਮਿਲ ਕੀਤਾ ਗਿਆ ਹੈ । ਨਵੀਂ ਕੈਬਨਿਟ ਦੀ ਨਿਯੁਕਤੀ ਇਸ ਪ੍ਰਕਾਰ ਹੈ:

ਸ਼ਫਕਤ ਅਲੀ, ਖਜ਼ਾਨਾ ਬੋਰਡ ਦੇ ਪ੍ਰਧਾਨ
ਰੇਬੇਕਾ ਅਲਟੀ, ਕ੍ਰਾਊਨ-ਆਦਿਵਾਸੀ ਸਬੰਧਾਂ ਦੀ ਮੰਤਰੀ
ਅਨੀਤਾ ਆਨੰਦ, ਵਿਦੇਸ਼ ਮੰਤਰੀ
ਗੈਰੀ ਆਨੰਦਸੰਗਾਰੀ, ਜਨਤਕ ਸੁਰੱਖਿਆ ਮੰਤਰੀ
ਫ੍ਰਾਂਸਵਾ-ਫਿਲਿਪ ਸ਼ੈਂਪੇਨ, ਵਿੱਤ ਅਤੇ ਰਾਸ਼ਟਰੀ ਮਾਲੀਆ ਮੰਤਰੀ
ਰੇਬੇਕਾ ਚਾਰਟਰੈਂਡ, ਉੱਤਰੀ ਅਤੇ ਆਰਕਟਿਕ ਮਾਮਲਿਆਂ ਦੀ ਮੰਤਰੀ ਅਤੇ ਕੈਨੇਡੀਅਨ ਉੱਤਰੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ
ਜੂਲੀ ਡੈਬਰੂਸਿਨ, ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ
ਸੀਨ ਫਰੇਜ਼ਰ, ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ ਅਤੇ ਐਟਲਾਂਟਿਕ ਕੈਨੇਡਾ ਅਵਸਰ ਏਜੰਸੀ ਲਈ ਜ਼ਿੰਮੇਵਾਰ ਮੰਤਰੀ
ਕ੍ਰਿਸਟੀਆ ਫ੍ਰੀਲੈਂਡ, ਆਵਾਜਾਈ ਅਤੇ ਅੰਦਰੂਨੀ ਵਪਾਰ ਮੰਤਰੀ
ਸਟੀਵਨ ਗਿਲਬੌਲਟ, ਕੈਨੇਡੀਅਨ ਪਛਾਣ ਅਤੇ ਸੱਭਿਆਚਾਰ ਮੰਤਰੀ ਅਤੇ ਸਰਕਾਰੀ ਭਾਸ਼ਾਵਾਂ ਲਈ ਜ਼ਿੰਮੇਵਾਰ ਮੰਤਰੀ
ਮੈਂਡੀ ਗੁਲ-ਮੈਸਟੀ, ਆਦਿਵਾਸੀ ਸੇਵਾਵਾਂ ਮੰਤਰੀ
ਪੈਟੀ ਹਾਜਡੂ, ਨੌਕਰੀਆਂ ਅਤੇ ਪਰਿਵਾਰਾਂ ਦੀ ਮੰਤਰੀ ਅਤੇ ਉੱਤਰੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ






ਟਿਮ ਹਾਜਸਨ, ਊਰਜਾ ਅਤੇ ਕੁਦਰਤੀ ਸਰੋਤ ਮੰਤਰੀ
ਮੇਲਨੀ ਜੋਲੀ, ਉਦਯੋਗ ਮੰਤਰੀ ਅਤੇ ਕੈਨੇਡਾ ਲਈ ਜ਼ਿੰਮੇਵਾਰ ਮੰਤਰੀ ਕਿਊਬੈਕ ਖੇਤਰਾਂ ਲਈ ਆਰਥਿਕ ਵਿਕਾਸ
ਡੋਮਿਨਿਕ ਲੇਬਲੈਂਕ, ਕੈਨੇਡਾ ਲਈ ਕਿੰਗਜ਼ ਪ੍ਰਿਵੀ ਕੌਂਸਲ ਦੇ ਪ੍ਰਧਾਨ ਅਤੇ ਕੈਨੇਡਾ-ਅਮਰੀਕਾ ਵਪਾਰ, ਅੰਤਰ-ਸਰਕਾਰੀ ਮਾਮਲਿਆਂ ਅਤੇ ਇੱਕ ਕੈਨੇਡੀਅਨ ਆਰਥਿਕਤਾ ਲਈ ਜ਼ਿੰਮੇਵਾਰ ਮੰਤਰੀ
ਜੋਏਲ ਲਾਈਟਬਾਊਂਡ, ਸਰਕਾਰੀ ਪਰਿਵਰਤਨ, ਲੋਕ ਨਿਰਮਾਣ ਅਤੇ ਖਰੀਦ ਮੰਤਰੀ
ਹੀਥ ਮੈਕਡੋਨਲਡ, ਖੇਤੀਬਾੜੀ ਅਤੇ ਖੇਤੀਬਾੜੀ-ਭੋਜਨ ਮੰਤਰੀ
ਸਟੀਵਨ ਮੈਕਕਿਨਨ, ਹਾਊਸ ਆਫ਼ ਕਾਮਨਜ਼ ਵਿੱਚ ਸਰਕਾਰ ਦੇ ਨੇਤਾ
ਡੇਵਿਡ ਜੇ। ਮੈਕਗਿੰਟੀ, ਰਾਸ਼ਟਰੀ ਰੱਖਿਆ ਮੰਤਰੀ
ਜਿਲ ਮੈਕਨਾਈਟ, ਵੈਟਰਨਜ਼ ਮਾਮਲਿਆਂ ਦੇ ਮੰਤਰੀ ਅਤੇ ਰਾਸ਼ਟਰੀ ਰੱਖਿਆ ਦੇ ਸਹਿਯੋਗੀ ਮੰਤਰੀ
ਲੀਨਾ ਮੇਟਲੇਜ ਡਾਇਬ, ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਮੰਤਰੀ
ਮਾਰਜੋਰੀ ਮਿਸ਼ੇਲ, ਸਿਹਤ ਮੰਤਰੀ
ਏਲੀਨੋਰ -ਲਸਜ਼ੇਵਸਕੀ, ਐਮਰਜੈਂਸੀ ਪ੍ਰਬੰਧਨ ਅਤੇ ਕਮਿਊਨਿਟੀ ਲਚਕੀਲਾਪਣ ਮੰਤਰੀ ਅਤੇ ਪ੍ਰੇਰੀਜ਼ ਆਰਥਿਕ ਵਿਕਾਸ ਕੈਨੇਡਾ ਲਈ ਜ਼ਿੰਮੇਵਾਰ ਮੰਤਰੀ
ਗ੍ਰੇਗਰ ਰੌਬਰਟਸਨ, ਰਿਹਾਇਸ਼ ਅਤੇ ਬੁਨਿਆਦੀ ਢਾਂਚੇ ਦੇ ਮੰਤਰੀ ਅਤੇ ਪ੍ਰਸ਼ਾਂਤ ਆਰਥਿਕ ਵਿਕਾਸ ਕੈਨੇਡਾ ਲਈ ਜ਼ਿੰਮੇਵਾਰ ਮੰਤਰੀ
ਮਨਿੰਦਰ ਸਿੱਧੂ, ਅੰਤਰਰਾਸ਼ਟਰੀ ਵਪਾਰ ਮੰਤਰੀ
ਈਵਾਨ ਸੋਲੋਮਨ, ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਡਿਜੀਟਲ ਇਨੋਵੇਸ਼ਨ ਮੰਤਰੀ ਅਤੇ ਦੱਖਣੀ -ਨਟਾਰੀ- ਲਈ ਸੰਘੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ
ਜੋਐਨ ਥੌਮਸਨ, ਮੰਤਰੀ ਮੱਛੀ ਪਾਲਣ
ਰੇਚੀ ਵਾਲਡੇਜ਼, ਮਹਿਲਾ ਅਤੇ ਲਿੰਗ ਸਮਾਨਤਾ ਮੰਤਰੀ ਅਤੇ ਰਾਜ ਮੰਤਰੀ (ਛੋਟੇ ਕਾਰੋਬਾਰ ਅਤੇ ਸੈਰ-ਸਪਾਟਾ)

ਮੰਤਰੀ ਮੰਡਲ ਨੂੰ 10 ਰਾਜ ਸਕੱਤਰਾਂ ਦੁਆਰਾ ਸਮਰਥਨ ਦਿੱਤਾ ਜਾਵੇਗਾ ਜੋ ਆਪਣੇ ਮੰਤਰੀ ਦੇ ਪੋਰਟਫੋਲੀ- ਦੇ ਅੰਦਰ ਮੁੱਖ ਮੁੱਦਿਆਂ ਅਤੇ ਤਰਜੀਹਾਂ 'ਤੇ ਸਮਰਪਿਤ ਅਗਵਾਈ ਪ੍ਰਦਾਨ ਕਰਨਗੇ।

**ਨਵੇਂ ਰਾਜ ਸਕੱਤਰਾਂ ਦੀ ਨਿਯੁਕਤੀ ਇਸ ਪ੍ਰਕਾਰ ਕੀਤੀ ਗਈ ਹੈ:**

ਬਕਲੇ ਬੇਲੈਂਜਰ, ਰਾਜ ਸਕੱਤਰ (ਪੇਂਡੂ ਵਿਕਾਸ)
ਸਟੀਫਨ ਫੁਹਰ, ਰਾਜ ਸਕੱਤਰ (ਰੱਖਿਆ ਖਰੀਦ)
ਅੰਨਾ ਗੇਨੀ, ਰਾਜ ਸਕੱਤਰ (ਬੱਚੇ ਅਤੇ ਯੁਵਾ)
ਵੇਨ ਲੌਂਗ, ਰਾਜ ਸਕੱਤਰ (ਕੈਨੇਡਾ ਮਾਲੀਆ ਏਜੰਸੀ ਅਤੇ ਵਿੱਤੀ ਸੰਸਥਾਵਾਂ)
ਸਟੀਫਨੀ ਮੈਕਲੀਨ, ਰਾਜ ਸਕੱਤਰ (ਸੀਨੀਅਰ)
ਨੈਥਲੀ ਪ੍ਰੋਵੋਸਟ, ਰਾਜ ਸਕੱਤਰ (ਕੁਦਰਤ)
ਰੂਬੀ ਸਹੋਤਾ, ਰਾਜ ਸਕੱਤਰ (ਅਪਰਾਧ ਨਾਲ ਲੜਨਾ)
ਰਣਦੀਪ ਸਰਾਏ, ਰਾਜ ਸਕੱਤਰ (ਅੰਤਰਰਾਸ਼ਟਰੀ ਵਿਕਾਸ)
ਐਡਮ ਵੈਨ ਕੋਵਰਡੇਨ, ਰਾਜ ਸਕੱਤਰ (ਖੇਡ)
ਜੌਨ ਜ਼ੇਰੂਸੇਲੀ, ਰਾਜ ਸਕੱਤਰ (ਕਿਰਤ




## ਰੂਸ-ਯੂਕਰੇਨ ਗੱਲਬਾਤ ਬੇਤਨੀਜਾ ਪਰ ਕੈਦੀ ਬਦਲੇ ਜਾਣ ਦਾ ਫੈਸਲਾ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਰੂਸ ਅਤੇ ਯੂਕਰੇਨ ਵਿੱਚਕਾਰ ਜੰਗ ਰੋਕਣ ਲਈ ਤੁਰਕੀ ਵਿੱਚ ਪਹਿਲੀ ਗੱਲਬਾਤ ਖਤਮ ਹੋ ਗਈ ਹੈ। ਦੋਵਾਂ ਦੇਸ਼ਾਂ ਦੇ ਵਫ਼ਦਾਂ ਨੇ ਇਸਤਾਂਬੁਲ ਵਿੱਚ ਹੋਈ ਗੱਲਬਾਤ ਵਿੱਚ ਹਿੱਸਾ ਲਿਆ, ਜਿਸ ਵਿੱਚ ਤੁਰਕੀ ਦੇ ਅਧਿਕਾਰੀਆਂ ਨੇ ਵਿੱਚੋਲਗੀ ਕੀਤੀ। ਇਹ ਗੱਲਬਾਤ ਲਗਭਗ 2 ਘੰਟੇ ਚੱਲੀ। ਇਸ ਗੱਲਬਾਤ ਤੋਂ ਬਾਅਦ ਦੋਵੇਂ ਦੇਸ਼ ਇੱਕ ਹਜ਼ਾਰ ਦੇ ਕਰੀਬ ਕੈਦੀਆਂ ਦਾ ਆਦਾਨ ਪ੍ਰਦਾਨ ਕਰਨ ਵਾਸਤੇ ਸਹਿਮਤ ਹੋਏ ਹਨ । ਯੂਕਰੇਨੀ ਵਫ਼ਦ ਦੀ ਅਗਵਾਈ ਰੱਖਿਆ ਮੰਤਰੀ ਰੁਸਤਮ ਉਮਰੋਵ ਨੇ ਕੀਤੀ ਅਤੇ ਰੂਸੀ ਵਫ਼ਦ ਦੀ ਅਗਵਾਈ ਪੁਤਿਨ ਦੇ ਸਹਿਯੋਗੀ ਵਲਾਦੀਮੀਰ ਮੈਡਿੰਸਕੀ ਨੇ ਕੀਤੀ। ਰੂਸ ਅਤੇ ਯੂਕਰੇਨ ਵਿੱਚਾਲੇ ਫਰਵਰੀ 2022 ਤੋਂ ਜੰਗ ਚੱਲ ਰਹੀ ਹੈ। ਪਿਛਲੇ 3 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ,ਜਦੋਂ ਦੋਵਾਂ ਦੇਸ਼ਾਂ ਵਿੱਚਾਲੇ ਸ਼ਾਂਤੀ ਨੂੰ ਲੈ ਕੇ ਸਿੱਧੀ ਗੱਲਬਾਤ ਹੋਈ ਹੈ। ਗੱਲਬਾਤ ਤੋਂ ਪਹਿਲਾਂ, ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਕਿ ਉਨ੍ਹਾਂ ਨੇ ਇਹ ਫੈਸਲਾ ਇਸ ਲਈ ਲਿਆ ਕਿਉਂਕਿ ਉਹ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਤੁਰਕੀ ਦੇ ਰਾਸ਼ਟਰਪਤੀ ਏਰਦੋਗਨ ਦਾ ਸਤਿਕਾਰ ਕਰਦੇ ਹਨ। ਜ਼ੇਲੇਂਸਕੀ ਨੇ ਕਿਹਾ ਕਿ ਰੂਸੀ ਵਫ਼ਦ ਵਿੱਚ ਕੋਈ ਵੀ ਅਜਿਹਾ ਵਿਅਕਤੀ ਸ਼ਾਮਲ ਨਹੀਂ ਹੈ ਜੋ ਅਸਲ ਵਿੱਚ ਫੈਸਲੇ ਲੈਂਦਾ ਹੈ।








## ਕੈਨੇਡਾ ਵਿੱਚ ਮਹਿੰਗਾਈ ਦੀ ਦਰ ਘਟੀ !

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਪ੍ਰੈਲ ਦੇ ਮਹੀਨੇ ਵਿੱਚ ਕੈਨੇਡਾ ਦੀ ਸਾਲਾਨਾ ਮਹਿੰਗਾਈ ਦਰ ਮਾਰਚ ਵਿੱਚ 2.3 ਪ੍ਰਤੀਸ਼ਤ ਤੋਂ ਘੱਟ ਕੇ 1.7 ਪ੍ਰਤੀਸ਼ਤ ਹੋ ਗਈ ਹੈ ਕਿਉਂਕਿ ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਵੱਲੋਂ ਖਪਤਕਾਰ ਕਾਰਬਨ ਟੈਕਸ ਹਟਾਏ ਜਾਣ ਤੋਂ ਬਾਅਦ ਊਰਜਾ ਦੀਆਂ ਕੁੱਲ ਕੀਮਤਾਂ ਵਿੱਚ 12.7 ਪ੍ਰਤੀਸ਼ਤ ਦੀ ਗਿਰਾਵਟ ਆਈ।ਮਾਹਿਰਾਂ ਅਨੁਸਾਰ ਅਗਲੇ ਮਹੀਨੇ 4 ਜੂਨ ਨੂੰ ਬੈਂਕ ਆਫ ਕੈਨੇਡਾ ਵੱਲੋ ਵਿਆਜ ਦਰਾਂ ਵਿੱਚ ਵੱਢੀ ਕਟੌਤੀ ਹੋ ਸਕਦੀ ਹੈ,ਜਿਸ ਨਾਲ ਚਿਰਾਂ ਤੋ ਰੁਕੀ ਰੀਅਲ ਇਸਟੇਟ ਮਾਰਕੀਟ ਤੇ ਮੰਦੀ ਵਿੱਚ ਚੱਲ ਰਹੀ ਵਿੱਤੀ ਮਾਰਕਿਟ ਵਿੱਚ ਤੇਜ਼ੀ ਆ ਸਕਦੀ ਹੈ । ਮੰਦੀ ਦਾ ਸਾਹਮਣਾ ਕਰ ਰਹੇ ਕੈਨੇਡਾ ਦੇ ਲੋਕ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਸਰਕਾਰ ਤੋਂ ਵੱਡੀਆਂ ਉਮੀਦਾਂ ਦੀ ਆਸ ਰੱਖ ਰਹੇ ਹਨ ਤਾਂ ਜੋ ਮੰਦੀ ਦੇ ਦੌਰ ਵਿੱਚੋਂ ਦੇਸ਼ ਬਾਹਰ ਛੇਤੀ ਨਿਕਲ ਸਕੇ















# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਿਲਣੀ ਮਾਂ ਦਿਵਸ ਨੂੰ ਸਮਰਪਿਤ ਰਹੀ





ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਾਂ ਦਿਵਸ ਨੂੰ ਸਮਰਪਿਤ ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਸੁਰਿੰਦਰਜੀਤ ਪਲਾਹਾ, ਦਿਲਾਵਰ ਸਮਰਾ, ਡਾ। ਸੁਖਵਿੰਦਰ ਕੌਰ ਸ਼ੇਰਗਿੱਲ ਅਤੇ ਅਮਰਜੀਤ ਕੌਰ ਰੱਖੜਾ ਦੀ ਪ੍ਰਧਾਨਗੀ ਹੇਠ ਹੋਈ।ਸਵਰਗੀ ਪੁਰਸ਼ੋਤਮ ਭਾਰਦਵਾਜ ਦੀ ਖ਼ਜ਼ਾਨਚੀ ਵਾਲ਼ੀ ਸੀਟ ਖਾਲੀ ਹੋਣ ਕਾਰਨ ਇਸ ਨੂੰ ਪੂਰਨ ਲਈ ਇੱਕ ਮਤੇ ਰਾਹੀਂ ਜੰਗ ਪਾਲ ਖੋਸਾ ਨੂੰ ਸਰਬਸੰਮਤੀ ਨਾਲ਼ ਖ਼ਜ਼ਾਨਚੀ ਚੁਣਿਆ ਗਿਆ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਮਈ ਦਿਵਸ ਦੀ ਗੱਲ ਕਰਦਿਆਂ ਗੁਰਦਾਸ ਮਾਨ ਦਾ ਗੀਤ - ਕੁੜੀਏ ਕਿਸਮਤ ਪੁੜੀਏ ਤੈਨੂੰ ਏਨਾ ਪਿਆਰ ਦਿਆਂ, ਪੇਸ਼ ਕੀਤਾ। ਸੁਰਿੰਦਰਜੀਤ ਪਲਾਹਾ ਨੇ ਮਾਂ ਦੀ ਮਮਤਾ ਨੂੰ ਮਹਾਨ ਕਿਹਾ। ਉਨ੍ਹਾਂ ਨੇ ਔਲਾਦ ਖਾਤਰ ਮਾਂ ਦੀਆਂ ਕੁਰਬਾਨੀਆਂ ਅਤੇ ਮਾਂ ਦੁਆਰਾ ਸਮਾਜ ਦੀ ਉਸਾਰੀ ਵਿੱਚ ਪਾਏ ਸਭ ਤੋਂ ਮਹੱਤਵਪੂਰਨ ਯੋਗਦਾਨ ਬਾਰੇ ਤਰਕਪੂਰਨ ਵਿੱਚਾਰ ਰੱਖੇ। ਉਨ੍ਹਾਂ ਨੇ ਅੱਜ ਦੀ ਵਿਸ਼ਵ ਰਾਜਨੀਤੀ ਦੇ ਸੰਦਰਭ ਵਿੱਚ ਕਿਹਾ ਕਿ ਸਾਨੂੰ ਬੇ-ਲੋੜੀ ਨੁਕਤਾਚੀਨੀ ਛੱਡ ਕੇ ਆਪਣੇ ਪਿਛਲੇ ਤੇ ਮੌਜੂਦਾ ਦੇਸ਼ ਨੂੰ ਪਿਆਰ ਕਰਨਾ ਚਾਹੀਦਾ ਹੈ। ਅਮਰਜੀਤ ਕੌਰ ਪਲਾਹਾ ਨੇ ਮਾਂ ਦੇ ਵਿਯੋਗ ਵਾਲ਼ੀ "ਮਾਂ ਜਦ ਤੈਨੂੰ ਯਾਦ ਕਰਾਂ, ਮੇਰੇ ਨੈਣੀਂ ਨੀਰ ਵਹੇ" ਕਵਿਤਾ ਦਾ ਏਨੀ ਖ਼ੂਬਸੂਰਤੀ ਅਤੇ ਮੁਹਾਰਤ ਨਾਲ ਉਚਾਰਨ ਕੀਤਾ ਕਿ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ।ਮਨਜੀਤ ਕੌਰ ਖਹਿਰਾ ਨੇ ਵਿਸਥਾਰ ਵਿੱਚ ਮਾਂ ਦੇ ਕਿਰਦਾਰ ਨੂੰ ਉਜਾਗਰ ਕੀਤਾ। ਗੁਰਜੀਤ ਕੌਰ ਬਾਵੇਜਾ ਨੇ ਮਾਂ ਨੂੰ ਮਮਤਾ ਦੀ ਮੂਰਤ ਅਤੇ ਠੰਢੀ ਛਾਂ ਕਿਹਾ। ਦਰਸ਼ਨ ਧਾਲ਼ੀਵਾਲ਼ ਨੇ ਆਪਣੀ ਮਾਂ ਦੇ ਯੋਗਦਾਨ ਨੂੰ ਯਾਦ ਕਰ ਕੇ ਮੰਨਿਆਂ ਕਿ ਉਸ ਦੇ ਜੀਵਨ ਦੀ ਸਫਲਤਾ ਪਿੱਛੇ ਮਾਂ ਦਾ ਹੱਥ ਹੈ। ਲਲਿਤਾ ਸਿੰਘ ਨੇ ਇਤਿਹਾਸ ਵਿੱਚੋਂ ਮਿਸਾਲਾਂ ਦੇ ਕੇ ਮਾਂ ਦੀ ਮਹਾਨਤਾ ਦਰਸਾਈ। ਪ੍ਰਮਿੰਦਰ ਗਰੇਵਾਲ ਨੇ ਮਾਂ ਨੂੰ "ਮਾਂ ਤੋਂ ਵੱਡਾ ਗੀਤ ਕੋਈ ਨਾ" ਕਹਿ ਕੇ ਵਡਿਆਇਆ । ਹਰਿੰਦਰ ਕੌਰ ਮੁੰਡੀ ਨੇ ਮਾਂ ਨੂੰ ਯਾਦ ਕਰਦਿਆਂ "ਜਦ ਮੈਂ ਮਾਂ ਵੱਲ ਤੱਕਾਂ, ਮੈਨੂੰ ਰੱਬ ਹੀ ਨਜ਼ਰੀਂ ਆਵ"' ਕਿਹਾ । ਉਸ ਦੇ ਵਿੱਚਾਰ ਵਿੱਚ ਖ਼ੂਬਸੂਰਤੀ ਜਿਸਮਾਂ ਦੀ ਨਹੀਂ, ਮਾਂ ਵਰਗੇ ਰਿਸ਼ਤਿਆਂ ਦੀ ਹੁੰਦੀ ਹੈ। ਸਿੰਘ ਗੁਰਮਿੰਦਰ ਨੇ ਮਾਂ ਦੇ ਪੱਲੂ ਨੂੰ ਕਈ ਤਸ਼ਬੀਹਾਂ ਨਾਲ਼ ਪ੍ਰੀਭਾਸ਼ਤ ਕਰਦਿਆਂ ਕਿਹਾ ਕਿ ਮਾਂ ਦਾ ਪੱਲੂ ਇੱਕ ਜਾਦੂਮਈ ਅਹਿਸਾਸ ਹੈ। ਹਰਕੰਵਲ ਕੌਰ ਨੇ "ਆਹ ਲੈ ਮਾਏ ਸਾਂਭ ਕੁੰਜੀਆਂ "ਸੁਰੀਲੀ ਆਵਾਜ਼ ਵਿੱਚ ਗਾਇਆ। ਮੁਹਤਰਮਾ ਸਆਦਤ ਰੁਬੀਨਾ ਨੇ ਫ਼ੁਰਮਾਇਆ ਕਿ ਅੱਲਾ ਤਾਲਾ ਨੇ ਆਪਣੇ ਸਮੁੱਚੇ ਪਿਆਰ ਦਾ ਇਜ਼ਹਾਰ ਮਾਂ ਦੇ ਜ਼ਰੀਏ ਕੀਤਾ। ਮਾਂ ਭਾਵੇਂ ਜਾਨਵਰਾਂ ਦੀ ਹੋਵੇ, ਆਪਣੀ ਇੰਤਹਾਈ ਮਿਹਨਤ ਨਾਲ਼ ਬੱਚੇ ਪਾਲ਼ਦੀ ਹੈ। ਮੀਤ ਪ੍ਰਧਾਨ ਦਿਲਾਵਰ ਸਮਰਾ ਨੇ ਤਸੱਲੀ ਪ੍ਰਗਟ ਕੀਤੀ ਕਿ ਐਸੋਸੀਏਸ਼ਨ ਇਸ ਦੇ ਬਾਨੀ ਮੈਂਬਰ ਪ੍ਰਸ਼ੋਤਮ ਭਾਰਦਵਾਜ ਅਤੇ ਕੇਸਰ ਸਿੰਘ ਨੀਰ ਦਾ ਭਾਈਚਾਰਕ ਸਾਂਝ ਵਾਲ਼ਾ ਸੁਪਨਾ ਸਾਕਾਰ ਕਰ ਰਹੀ ਹੈ। ਸੁਰਿੰਦਰ ਢਿੱਲੋਂ ਨੇ ਹਵਾਈ-ਜੰਗ ਦੇ ਢੰਗ-ਤਰੀਕਿਆਂ ਬਾਰੇ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਕਾਹਤੋਂ ਮਾਏ ਰੋਨੀਐਂ ਧੀਆਂ ਨੂੰ ਸਹੁਰੇ ਤੋਰ ਕੇ, ਲੋਕਾਂ ਨੂੰ ਕੀ ਪਤਾ ਮਾਵਾਂ ਧੀਆਂ ਦੇ ਵਰਾਗ ਦਾ ਗੁਰਦੀਪ ਕੌਰ ਸਮਰਾ, ਅਮਰਜੀਤ ਕੌਰ ਪਲਾਹਾ, ਹਰਿੰਦਰ ਕੌਰ ਮੁੰਡੀ ਅਤੇ ਗੁਰਜੀਤ ਬਾਵੇਜਾ ਨੇ ਗਿੱਧੇ ਦੀਆਂ ਬੋਲੀਆਂ ਪਾ ਕੇ ਮਾਵਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ । ਨੀਂ ਹਵਾਏ ਲੈ ਕੇ ਜਾਈਂ ਸਾਡੇ ਪਿਆਰ ਦਾ ਪੈਗਾਮ, ਸੁਖਮੰਦਰ ਗਿੱਲ ਦਾ ਗੀਤ ਪਿਆਰ ਦਾ ਪੈਗਾਮ ਦੇ ਗਿਆ । ਸੁਰਿੰਦਰਜੀਤ ਪਲਾਹਾ ਦੇ ਧੰਨਵਾਦੀ ਸ਼ਬਦਾਂ ਨਾਲ਼ ਇਸ ਯਾਦਗਾਰੀ ਸਮਾਗਮ ਦੀ ਸੰਪੂਰਨਤਾ ਹੋਈ।

# ਅਤਿਵਾਦੀ ਗਤੀਵਿਧੀਆਂ ਨੂੰ ਫੰਡਿੰਗ ਦੇਣ ਵਾਲਾ ਵਾਲਾ ਯੂਸਫ ਫੜਿਆ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਟੋਰਾਂਟੋ ਦੇ ਇੱਕ ਵਿਅਕਤੀ ਨੂੰ ਕੈਨੇਡਾ ਦੇ ਇਤਿਹਾਸ ਵਿੱਚ ਅੱਤਵਾਦੀ ਗਤੀਵਿਧੀਆਂ ਲਈ ਸਭ ਤੋਂ ਵੱਡੀ ਫੰਡਿੰਗ ਦੇਣ ਲਈ ਦੋਸ਼ੀ ਕਰਾਰ ਦਿੱਤਾ ਗਿਆ ਹੈ । ਆਰਸੀਐਮਪੀ ਨੇ ਇਸ ਵਿਅਕਤੀ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਖਲੀਲੁਲਾ ਯੂਸਫ ਨਾਮ ਦੇ ਵਿਅਕਤੀ ਵੱਲੋਂ ਸਤੰਬਰ 2021 ਤੋਂ ਲੈ ਕੇ ਦਸੰਬਰ 2022 ਦੇ ਦੌਰਾਨ ਕੈਨੇਡਾ ਤੋਂ ਬਾਹਰ ਅੱਤਵਾਦੀ ਗਤੀਵਿਧੀਆਂ ਲਈ ਅੱਤਵਾਦੀ ਜਥੇਬੰਦੀ ਆਈ ਐਸ ਆਈ ਐਸ ਨੂੰ ਕ੍ਰਿਪਟੋ ਕਰੰਸੀ ਅਤੇ ਮਨੀ ਟਰਾਂਸਫਰ ਰਾਹੀਂ ਫੰਡਿੰਗ ਕੀਤੀ ਜਾਂਦੀ ਰਹੀ ਹੈ। ਯੂਸਫ ਨੇ ਇਹ ਵੀ ਮੰਨਿਆ ਹੈ ਕਿ ਉਸ ਨੇ ਗੋ ਫੰਡ ਮੀ ਕੈਮਪੇਨ ਰਾਹੀਂ 15000 ਡਾਲਰ ਇਕੱਤਰ ਕੀਤੇ ਸਨ ਅਤੇ 35000 ਡਾਲਰ ਤੋਂ ਜਿਆਦਾ ਅੱਤਵਾਦੀ ਜਥੇਬੰਦੀ ਆਈਐਸਆਈਐਸ ਨੂੰ ਭੇਜੇ ਸਨ। ਯੂਸਫ ਨੂੰ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਲਈ ਵੀ ਦੋਸ਼ੀ ਕਰਾਰ ਦਿੱਤਾ ਗਿਆ ਹੈ ਜਿਸ ਵਿੱਚ ਅੱਤਵਾਦ ਦੇ ਉਦੇਸ਼ ਨੂੰ ਸਫਲ ਕਰਨ ਲਈ ਭਰਤੀ ਤੱਕ ਕਰਨਾ ਸ਼ਾਮਿਲ ਹੈ। ਆਰਸੀਐਮਪੀ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਕਤੂਬਰ 2020 ਅਤੇ ਮਾਰਚ 2021 ਦੇ ਦੌਰਾਨ ਯੂਸਫ ਵੱਲੋਂ ਅਮਰੀਕਾ ਦੇ ਇੱਕ ਵਿਅਕਤੀ ਨਾਲ ਲਗਾਤਾਰ ਸੰਪਰਕ ਸਥਾਪਿਤ ਕੀਤਾ ਗਿਆ ਜਿਸ ਨੂੰ ਬਾਅਦ ਵਿੱਚ ਇਸੇ ਅੱਤਵਾਦੀ ਜਥੇਬੰਦੀ ਦੀ ਮੱਦਦ ਲਈ ਦੋਸ਼ੀ ਠਹਿਰਾਇਆ ਗਿਆ ਸੀ। ਆਰਸੀਐਮਪੀ ਨੇ ਆਖਿਆ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਵਿੱਤੀ ਤੌਰ ਤੇ ਅੱਤਵਾਦੀ ਗਤੀਵਿਧੀਆਂ ਲਈ ਇੰਨੀ ਵੱਡੀ ਫੰਡਿੰਗ ਦੇਣ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਉਦਾਹਰਣ ਹੈ।

# ਚੋਰੀ ਦਾ ਟਰੱਕ ਫਰੇਜਰ ਰਿਵਰ ਵਿਚ ਸੁੱਟਕੇ ਭੱਜਣ ਲੱਗਾ ਪੁਲਿਸ ਨੇ ਫੜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਵੀਰਵਾਰ ਦੀ ਸਵੇਰ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿੱਚ ਕੁੱਝ ਇਸ ਤਰ੍ਹਾਂ ਦਾ ਨਜ਼ਾਰਾ ਵੇਖਣ ਨੂੰ ਮਿਲਿਆ ਜਿਵੇਂ ਕੋਈ ਫਿਲਮ ਦੀ ਸੂਟਿੰਗ ਚੱਲ ਰਹੀ ਹੋਵੇ। ਅਸਲ ਵਿੱਚ ਪੁਲਿਸ ਇੱਕ ਚੋਰੀ ਕੀਤੇ ਸੈਮੀ ਟਰੱਕ ਦਾ ਪਿੱਛਾ ਕਰ ਰਹੀ ਸੀ । ਲੈਂਗਲੀ ਆਰਸੀਐਮਪੀ ਨੇ ਦੱਸਿਆ ਕਿ ਰਾਤ ਸਾਢੇ 7 ਵਜੇ ਦੇ ਕਰੀਬ ਉਹਨਾਂ ਨੇ 24 ਐਵਨਿਊ ਤੇ 206 ਸਟਰੀਟ ਉੱਤੇ ਇੱਕ ਸੈਮੀ ਟਰੱਕ ਵੇਖਿਆ ਜੋ ਉਸਦੀ ਲਾਈਸੈਂਸ ਪਲੇਟ ਦੇ ਨਾਲ ਮੇਲ ਨਹੀਂ ਖਾ ਰਿਹਾ ਸੀ। ਅੱਧੀ ਰਾਤ ਦੇ ਕਰੀਬ ਪੁਲਿਸ ਨੇ ਇਸ ਟਰੱਕ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਪੁਲਿਸ ਦੀਆਂ ਗੱਡੀਆਂ ਦੀ ਲਾਈਟ ਸ਼ੁਰੂ ਹੋਈ ਤਾਂ ਇਸ ਟਰੱਕ ਨੂੰ ਚਲਾ ਰਹੇ 40 ਸਾਲਾ ਵਿਅਕਤੀ ਨੇ ਪੁਲਿਸ ਦੀਆਂ ਗੱਡੀਆਂ ਨੂੰ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਇਹ ਡਰਾਈਵਰ ਇਸ ਸੈਮੀ ਟਰੱਕ ਨੂੰ ਲੈ ਕੇ ਫਰਾਰ ਹੋ ਗਿਆ। ਪੁਲਿਸ ਨੇ ਟਾਇਰ ਪੰਚਰ ਕਰਨ ਵਾਲੀ ਡਿਵਾਈਸ ਦੇ ਨਾਲ ਟਰੱਕ ਦੇ ਅਗਲੇ ਸੱਜੇ ਟਾਇਰ ਨੂੰ ਫਲੈਟ ਕਰ ਦਿੱਤਾ ਪਰ ਇਸਦੇ ਬਾਵਜੂਦ ਡਰਾਈਵਰ ਨੇ ਟਰੱਕ ਨਹੀਂ ਰੋਕਿਆ ਤੇ ਤੇਜ਼ ਰਫਤਾਰ ਨਾਲ ਟਰੱਕ ਨੂੰ ਲੈ ਕੇ ਚਲਦਾ ਰਿਹਾ। ਪੁਲਿਸ ਨੇ ਦੱਸਿਆ ਕਿ ਇਸ ਟਰੱਕ ਡਰਾਈਵਰ ਦਾ ਵਤੀਰਾ ਆਮ ਲੋਕਾਂ ਵਾਸਤੇ ਕਾਫੀ ਖਤਰਨਾਕ ਸਿੱਧ ਹੋ ਸਕਦਾ ਸੀ ।ਜਦੋਂ ਪੁਲਿਸ ਇਸ ਟਰੱਕ ਦਾ ਪਿੱਛਾ ਕਰ ਰਹੀ ਸੀ ਤਾਂ ਟਰੱਕ ਡਰਾਈਵਰ ਟਰੱਕ ਨੂੰ ਲੈ ਕੇ ਕਈ ਰਿਹਾਇਸ਼ੀ ਖੇਤਰਾਂ ਵਿੱਚੋਂ ਗੁਜ਼ਰਦਾ ਹੋਇਆ ਸਰੀ ਵਿੱਚ ਦਾਖਲ ਹੋ ਗਿਆ। ਬਾਅਦ ਵਿੱਚ ਇਹ ਟਰੱਕ ਫਰੇਜ਼ਰ ਰਿਵਰ ਵਿੱਚ ਜਾ ਡਿੱਗਾ । ਡਰਾਈਵਰ ਨੇ ਟਰੱਕ ਚੋਂ ਨਿਕਲ ਕੇ ਉੱਥੋਂ ਫਰਾਰ ਹੋਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਸ ਨੂੰ ਗਿਰਫਤਾਰ ਕਰ ਲਿਆ ਹੈ। ਪੁਲਿਸ ਨੇ ਹੁਣ ਲੋਕਾਂ ਕੋਲੋਂ ਸਹਿਯੋਗ ਮੰਗਿਆ ਹੈ ਕਿ ਕਿਸੇ ਕੋਲ ਵੀ ਲੈਂਗਲੀ ਅਤੇ ਸਰੀ ਦੇ ਵਿੱਚ ਇਸ ਟਰੱਕ ਸਬੰਧੀ ਕੋਈ ਜਾਣਕਾਰੀ ਜਾਂ ਵੀਡੀਓ ਹੋਵੇ ਤਾਂ ਪੁਲਿਸ ਨਾਲ ਸਾਂਝੀ ਕੀਤੀ ਜਾਵੇ।

# ਸੀਨੀਅਰ ਸੁਸਾਇਟੀ ਦੇ ਮੈਂਬਰਾਂ ਨੇ ਵਿਸਾਖੀ ਪੁਰਬ ਮਨਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮਲਟੀਕਲਚਰਲ ਸੀਨੀਅਰ ਸੁਸਾਇਟੀ ਕੈਲਗਰੀ ਵੱਲੋ ਵਿਸਾਖੀ ਪੁਰਬ ਮਨਾਇਆ ਗਿਆ। ਮੈਂਬਰਾਂ ਅਤੇ ਇੰਕਾ ਸੁਸਾਇਟੀ ਦੇ ਮੈਂਬਰ ਅਤੇ ਅਹੁਦੇਦਾਰ ਸ਼ਾਮਿਲ ਹੋਏ। ਰਿਫਰੈਸ਼ਮੈਂਟ ਕਮੇਟੀ ਵੱਲੋ ਚਾਹ ਅਤੇ ਸਨੈਕਸ ਦਾ ਇੰਤਜਾਮ ਕੀਤਾ ਗਿਆ।

ਸਾਰਿਆ ਤੋ ਪਹਿਲਾਂ ਮੇਜਰ ਸਿੰਘ ਧਾਲੀਵਾਲ ਜੀ ਸਕੱਤਰ ਇੰਕਾ ਸੀਨੀਅਰ ਸੁਸਾਇਟੀ ਵੱਲੋ ਵਿਸਥਾਰ ਨਾਲ ਵਿਸਾਖੀ ਤਿਉਹਾਰ ਦੀ ਜਾਣਕਾਰੀ ਦਿਤੀ। ਬਿੱਕਰ ਸਿੰਘ ਸੰਧੂ ਨੇ ਖਾਲਸਾ ਪੰਥ ਦੀ ਸਾਜਨਾ ਬਾਰੇ ਜਾਣਕਾਰੀ ਦਿਤੀ ਅਤੇ ਮਲਟੀਕਲਚਰਲ ਸੀਨੀਅਰ ਸੁਸਾਇਟੀ ਨੂੰ ਸੁਚਾਰੂ ਰੂਪ ਚਲਾਉਣ ਲਈ ਨੁਕਤੇ ਸਾਂਝੇ ਕੀਤੇ । ਗੁਰਬਚਨ ਸਿੰਘ ਬਰਾੜ ਜੀ ਵੱਲੋ ਖਾਲਸਾ ਪੰਥ ਦੀ ਸਥਾਪਨਾ ਅਤੇ ਸਿੱਖ ਕੌਮ ਵਿੱਚ ਆ ਰਹੇ ਨਿਘਾਰ ਬਾਰੇ ਜਾਣਕਾਰੀ ਦਿਤੀ ਗਈ। ਅਕਾਲ ਤਖਤ ਸਾਹਿਬ ਜੀ ਦੀ ਸਰਵਉੱਚਤਾ ਨੂੰ ਲੱਗ ਰਹੀ ਢਾਹ ਬਾਰੇ ਵੀ ਅਫਸੋਸ ਜਾਹਿਰ ਕੀਤਾ । ਇੰਜ ਜੀਰ ਸਿੰਘ ਬਰਾੜ ਨੇ ਸਟੇਜ ਸਕੱਤਰ ਦੀ ਭੂਮਿਕਾ ਦੇ ਨਾਲ ਵਿਸਾਖੀ ਪੁਰਬ ਅਤੇ ਸਿੱਖ ਕੌਮ ਦੀ ਸਰਦਾਰੀ ਨੂੰ ਲੱਗ ਰਹੇ ਖੋਰੇ ਅਤੇ ਅਕਾਲ ਤਖਤ ਸਾਹਿਬ ਜੀ ਦੇ ਜਥੇਦਾਰਾਂ ਦੀ ਸਰਬਉੱਚਤਾ ਬਾਰੇ ਵੀ ਚਾਨਣਾ ਪਾਇਆ। ਅੰਤ ਵਿੱਚ ਸੁਸਾਇਟੀ ਦੇ ਪ੍ਰਧਾਨ ਸ ਜੋਗਿੰਦਰ ਸਿੰਘ ਜੌੜਾ ਜੀ ਵੱਲੋ ਆਏ ਹੋਏ ਮੈਬਰਾਂ ਅਤੇ ਅਹੁਦੇਦਾਰਾਂ ਦਾ ਧੰਨਵਾਦ ਕੀਤਾ ਗਿਆ।

# ਅਰਪਨ ਲਿਖਾਰੀ ਸਭਾ ਦੀ ਮਾਸਿਕ ਦੀ ਮੀਟਿੰਗ ਦੁਨੀਆਂ ਭਰ ਦੀਆਂ ਮਾਵਾਂ ਅਤੇ ਮਜ਼ਦੂਰਾਂ ਨੂੰ ਸਮਰਪਿਤ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ ਮਈ ਮਹੀਨੇ ਦੀ ਮੀਟਿੰਗ ਡਾ: ਜੋਗਾ ਸਿੰਘ ਅਤੇ ਜਸਵੰਤ ਸਿੰਘ ਸੇਖੋਂ ਦੀ ਪ੍ਰਧਾਨਗੀ ਹੇਠ ਕੋਸੋ ਹਾਲ ਵਿਚ ਹੋਈ. ਜਰਨਲ ਸਕੱਤਰ ਦੀ ਜ਼ਿੰਮੇਵਾਰੀ ਸ੍ਰ ਜਗਦੇਵ ਸਿੰਘ ਸਿੱਧੂ ਨੇ ਨਿਭਾਉਂਦਿਆਂ ਵਿਛੜੀਆਂ ਸ਼ਖ਼ਸੀਅਤਾਂ ਨਾਮਵਰ ਸ਼ਾਇਰ ਕੇਸਰ ਸਿੰਘ ਨੀਰ, ਨਦੀਮ ਪਰਮਾਰ ਅਤੇ ਸ਼ਿਵ ਬਟਾਲਵੀ ਨੂੰ ਯਾਦ ਕੀਤਾ। ਨਾਲ ਹੀ ਅੱਜ ਦੇ ਪ੍ਰੋਗਰਾਮ ਦੀ ਜਾਣਕਾਰੀ ਦਿੰਦਿਆਂ ਦੱਸਿਆ ਮਈ ਮਹੀਨੇ ਨਾਲ ਬਹੁਤ ਸਾਰੀਆਂ ਇਤਿਹਾਸਕ ਯਾਦਾਂ ਜੁੜੀਆਂ ਹੋਈਆਂ ਹਨ, ਅੱਜ ਦੁਨੀਆਂ ਭਰ ਦੀਆਂ ਮਾਵਾਂ ਦਾ ਦਿਨ, ਮਜ਼ਦੂਰ ਦਿਵਸ, ਕਾਮਾਗਾਟਾ ਮਾਰੂ ਦੀ ਘਟਨਾ ਅਤੇ ਸੰਸਾਰ ਯੁੱਧ ਦਾ ਅੰਤ ਵੀ ਮਈ ਮਹੀਨੇ ਵਿਚ ਹੋਇਆ।ਜਸਵੰਤ ਸਿੰਘ ਸੇਖੋਂ ਨੇ ਗੁਰੂ ਅੰਗਦ ਦੇਵ ਜੀ ਤੋਂ ਬਾਅਦ ਗੁਰੂ ਅਮਰ ਦਾਸ ਜੀ ਦੇ ਗੁਰੂ ਬਣਨ ਦਾ ਇਤਿਹਾਸ ਕਵੀਸ਼ਰੀ ਰੰਗ ਵਿੱਚ ਪੇਸ਼ ਕੀਤਾ। ਅਵਤਾਰ ਸਿੰਘ (ਤਾਰ) ਬਰਾੜ ਨੇ ਆਪਣੀਆਂ ਲਿਖੀਆਂ ਕਵਿਤਾ 'ਜੇਕਰ ਮੇਰੀ ਮਾਂ ਨਾ ਹੁੰਦੀ ਤੇ ਮੇਰੀ ਕੋਈ ਥਾਂ ਨਾ ਹੁੰਦੀ' ਅਤੇ ਬਲਜਿੰਦਰ ਕੌਰ (ਸੋਨੀ) ਮਾਂਗਟ ਨੇ ਆਪਣੇ ਕੀਮਤੀ ਵਿਚਾਰਾਂ ਨਾਲ ਹਾਜ਼ਰੀ ਲਗਵਾਈ। ਦੀਪ ਬਰਾੜ ਨੇ ਮਾਂ ਬਾਰੇ ਬਹੁਤ ਹੀ ਪਿਆਰੀ ਕਵਿਤਾ, ਸੁਖਮੰਦਰ ਸਿੰਘ ਗਿੱਲ ਨੇ 'ਨੀ ਹਵਾਏ ਲੈ ਕੇ ਜਾਵੀਂ ਸਾਡੇ ਪਿਆਰ ਦਾ ਪੈਗ਼ਾਮ'; ਜੀਰ ਸਿੰਘ ਬਰਾੜ ਨੇ ਮਜ਼ਦੂਰ ਦਿਵਸ ਦਾ ਇਤਿਹਾਸ ਬਾਰੇ, ਡਾ: ਹਰਮਿੰਦਰਪਾਲ ਸਿੰਘ ਨੇ ਗੁਰਦਾਸ ਮਾਨ ਦਾ ਗਾਇਆ ਛੱਲਾ, ਡਾ: ਮਨਮੋਹਨ ਸਿੰਘ ਨੇ ਸ਼ਿਵ ਬਟਾਲਵੀ, ਸੁਖਵਿੰਦਰ ਸਿੰਘ ਤੂਰ ਨੇ ਪ੍ਰਸਿੱਧ ਸ਼ਾਇਰ ਕੇਸਰ ਸਿੰਘ ਨੀਰ ਨੂੰ ਯਾਦ ਕਰਦਿਆਂ ਉਹਨਾਂ ਦੀ ਗ਼ਜ਼ਲ 'ਗੈਰਾਂ ਆਣ ਪਲੀਤਾ ਲਾਇਆ', ਡਾ: ਜੋਗਾ ਸਿੰਘ ਨੇ 'ਉੱਚੀ ਜੱਗ ਤੋਂ ਨਿਆਰੀ ਪਿਆਰੀ ਮਾਂ' ਕਵਿਤਾ ਨਾਲ ਸੁਰ ਤੇ ਸੰਗੀਤ ਦਾ ਸੁਮੇਲ ਪੇਸ਼ ਕੀਤਾ। ਬੀਬੀ ਰਾਵਿੰਦਰ ਕੌਰ ਨੇ ਜਨਮ ਦੇਣ ਵਾਲੀ ਮਾਂ, ਧਰਤੀ ਮਾਂ ਜੋ ਖਾਣ ਨੂੰ ਦਿੰਦੀ ਅਤੇ ਮਾਂ ਬੋਲੀ ਦੀ ਗੱਲ ਕੀਤੀ। ਸਤਨਾਮ ਸਿੰਘ ਢਾਅ ਨੇ ਕਰਨੈਲ ਸਿੰਘ ਪਾਰਸ ਦੀ ਬਹੁਤ ਹੀ ਮਕਬੂਲ ਕਵਿਤਾ 'ਮਾਵਾਂ ਠੰਡੀਆਂ ਛਾਵਾਂ' ਕਵੀਸ਼ਰੀ ਰੰਗ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਹਾਸਿਆਂ ਦਾ ਬਾਦਸ਼ਾਹ ਤਰਲੋਕ ਚੁੱਘ ਨੇ 'ਮਾਂ ਸਭ ਜਾਣਦੀ ਹੈ' ਦੇ ਵਿਅੰਗ ਰਾਹੀਂ ਚੋਭਾਂ ਚੋਭਦਿਆਂ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਸਤਨਾਮ ਸ਼ੇਰਗਿੱਲ ਨੇ ਇੰਗਲੈਂਡ ਵਿਚ ਰਹਿੰਦਿਆਂ ਮਜ਼ਦੂਰ ਯੂਨੀਅਨ ਨਾਲ ਕੰਮ ਕਰਦਿਆਂ ਦੇ ਆਪਣੇ ਅਨੁਭਵ ਸਾਂਝੇ ਕੀਤੇ। ਦੀਪਕ ਜੈਤੋਈ ਸੰਸਥਾ ਦੇ ਪ੍ਰਧਾਨ ਦਰਸ਼ਣ ਸਿੰਘ ਬਰਾੜ ਨੇ ਮਜ਼ਦੂਰ ਦਿਵਸ ਤੇ ਲਾਲ ਝੰਡੇ ਦਾ ਇਤਿਹਾਸ ਦੀ ਦਾਸਤਾਨ ਸਾਂਝੀ ਕਰਦਿਆਂ ਵਿੱਦਿਆ ਦਾ ਮਹੱਤਵ ਬਿਆਨ ਕਰਦੀ ਕਵਿਤਾ ਪੇਸ਼ ਕੀਤੀ।

ਅਖ਼ੀਰ ਤੇ ਡਾ: ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਅੱਜ ਦੀ ਇਹ ਚਰਚਾ ਬਹੁਤ ਹੀ ਨਿਵੇਕਲੀ ਰਹੀ। ਸਟੇਜ ਦੀਆਂ ਸੇਵਾਵਾਂ ਸ੍ਰ: ਜਗਦੇਵ ਸਿੰਘ ਨੇ ਬਾਖ਼ੂਬੀ ਨਿਭਾਉਂਦਿਆਂ ਮਾਂ ਦਿਵਸ, ਮਜ਼ਦੂਰ ਦਿਵਸ ਬਾਰੇ ਕਾਰਲ ਮਾਰਕਸ ਦੇ ਵਿਚਾਰਾਂ ਨਾਲ ਸਰੋਤਿਆਂ ਨੂੰ ਕੀਲੀ ਰੱਖਿਆ। ਦੁਨੀਆਂ ਤੇ ਹੋ ਰਹੀ ਬੇਇਨਸਾਫ਼ੀ ਬਾਰੇ ਵਿਚਾਰ ਸਾਂਝੇ ਕਰਕੇ ਕੈਨੇਡਾ ਵਿਚ ਨੇਟਿਵ ਲੋਕਾਂ ਦੀਆਂ ਮਾਵਾਂ ਦੀ ਸ਼ਲਾਘਾ ਕੀਤੀ। ਇਨ੍ਹਾਂ ਬੁਲਾਰਿਆਂ ਤੋਂ ਇਲਾਵਾ ਗੁਮਦੂਰ ਸਿੰਘ ਵਿਰਕ, ਸੁਬਾ ਸ਼ੇਖ, ਚਰਨਜੀਤ ਕੌਰ ਸਿੱਧੂ ਅਤੇ ਸੁਖਦੇਵ ਕੌਰ ਢਾਅ ਦੀ ਹਾਜ਼ਰੀ ਵੀ ਜ਼ਿਕਰਯੋਗ ਰਹੀ।









# ਤਿੰਨ ਦਿਨਾਂ ਫੀਲਡ ਹਾਕੀ ਟੂਰਨਮੈਂਟ ਸੁਰਿੰਦਰ ਲਾਇਨਜ਼ ਕਲੱਬ ਸਰੀ ਨੇ ਜਿੱਤਿਆ








ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਅਕਾਲ ਵਾਰੀਅਰਜ਼ ਫੀਲਡ ਹਾਕੀ ਕਲੱਬ ਵੱਲੋਂ 16 ਮਈ ਤੋਂ 18 ਮਈ ਤੱਕ ਜੈਨਸਿਸ ਸੈਂਟਰ ਵਿੱਚ ਮੈਕਸ ਪਰੋ ਕੱਪ ਫੀਲਡ ਹਾਕੀ ਟੂਰਨਾਮੈਂਟ ਕਾਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ ਕੈਨੇਡਾ ਭਰ ਵਿੱਚੋਂ 10 ਟੀਮਾਂ ਨੇ ਭਾਗ ਲਿਆ। ਲਗਾਤਾਰ ਤਿੰਨ ਦਿਨ ਬਹੁਤ ਹੀ ਰੌਮਾਂਚਿਕ ਮੈਚ ਦੇਖਣ ਨੂੰ ਮਿਲੇ।ਸੀਨੀਅਰ ਵਰਗ ਦਾ ਫਾਈਨਲ ਮੁਕਾਬਲਾ ਮੇਜ਼ਬਾਨ ਕਲੱਬ ਅਕਾਲ ਵਾਰੀਅਰਜ਼ ਕਲੱਬ ਤੇ ਸੁਰਿੰਦਰ ਲਾਇਨਜ਼ ਫੀਲਡ ਹਾਕੀ ਕਲੱਬ ਸਰੀ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਸੁਰਿੰਦਰ ਲਾਇਨਜ਼ ਕਲੱਬ ਸਰੀ ਦੀ ਟੀਮ ਜੇਤੂ ਰਹੀ।ਰੱਸ਼ਾ ਕਸ਼ੀ ਅਤੇ ਸ਼ੀਫ (ਤਾਸ਼ ਖੇਡਣ) ਦੇ ਮੁਕਾਬਲੇ ਬਹੁਤ ਦਿਲਚਸਪ ਰਹੇ। ਪੰਜਾਬੀ ਭਾਈਚਾਰੇ ਹੁਣੇ ਹੁਣੇ ਨਵੇਂ ਚੁਣੇ ਗਏ ਮੈਂਬਰ ਪਾਰਲੀਮੈਂਟ ਅਮਨਪ੍ਰੀਤ ਸਿੰਘ ਗਿੱਲ,ਦਲਵਿੰਦਰ ਗਿੱਲ, ਤੋਂ ਇਲਾਵਾ ਐਮ ਐਲ ਏ ਇਰਫਾਨ ਸਬੀਰ ਅਤੇ ਪਰਮੀਤ ਸਿੰਘ ਬੋਪਾਰਾਇ ਨੇ ਜੇਤੂ ਟੀਮਾਂ ਨੂੰ ਇਨਾਮ ਵੰਡੇ।ਅਲਬਰਟਾ ਸਰਕਾਰ ਦੀ ਤਰਫੋਂ ਹੈਪੀ ਮਾਨ ਨੇ ਪ੍ਰੀਮੀਅਰ ਡੈਨੀਅਲ ਸਮਿੱਥ ਵੱਲੋਂ ਅਕਾਲ ਵਾਰੀਅਰਜ਼ ਦੇ ਇਸ ਤਿੰਨ ਦਿਨਾਂ ਖੇਡ ਉਪਰਾਲੇ ਲਈ ਭੇਜਿਆ ਮਾਣ ਪੱਤਰ ਕਲੱਬ ਦੇ ਮੈਂਬਰਾਂ ਨੂੰ ਭੇਟ ਕੀਤਾ। ਕਲੱਬ ਦੇ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ,ਕਿਰਪਾਲ ਸਿੰਘ, ਜਗਜੀਤ ਧਾਲੀਵਾਲ ਤੇ ਦਲਜੀਤ ਸਿੰਘ ਕਾਹਲੋਂ ਤੋਂ ਇਲਾਵਾ ਕਲੱਬ ਦੀ ਵਲੰਟੀਅਰ ਟੀਮ ਨੇ ਟੂਰਨਾਮੈਂਟ ਨੂੰ ਹਰ ਪੱਖੋਂ ਸਫਲ ਬਣਾਉਣ ਲਈ ਪੂਰੀ ਮਿਹਨਤ ਕੀਤੀ।

# ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਮਦਰਜ ਡੇ ਮਨਾਇਆ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਮੌਂਟਰੀ ਪੰਜਾਬੀ ਸੀਨੀਅਰਜ ਐਸੋਸੀਏਸ਼ਨ ਨੇ ਮਦਰਜ ਡੇ ਮਨਾ ਕੇ ਆਪਣੀਆਂ ਸਾਰੀਆਂ ਔਰਤ ਮੈਂਬਰਾਂ ਨੂੰ ਸਨਮਾਨਿਤ ਕੀਤਾ। ਪ੍ਰੋਗਰਾਮ ਸ਼ੁਰੂ ਹੋਣ ਤੋਂ ਪਹਿਲਾਂ ਸਾਰਿਆਂ ਨੇ ਪੀਜੇ ਦਾ ਅਨੰਦ ਮਾਣਿਆ।ਇਸ ਪ੍ਰੋਗਰਾਮ ਵਿੱਚ ਕੈਲਗਰੀ ਦੇ ਤਿੰਨ ਪੰਜਾਬੀ ਪਾਰਲੀਮੈਂਟ ਦੇ ਮੈਂਬਰਾਂ ਜਸਰਾਜ ਸਿੰਘ ਹੱਲਣ, ਅਮਨਪ੍ਰੀਤ ਸਿੰਘ ਗਿੱਲ ਅਤੇ ਦਲਵਿੰਦਰ ਸਿੰਘ ਗਿੱਲ ਨੇ ਵੀ ਵਿਸ਼ੇਸ਼ ਤੌਰ 'ਤੇ ਹਾਜਿਰੀ ਭਰੀ ਅਤੇ ਸਾਰੀਆਂ ਮਾਂਵਾਂ ਨੂੰ ਸ਼ੁਭਕਾਮਨਾਂਵਾਂ ਦੇਣ ਦੇ ਨਾਲ ਨਾਲ ਸਾਰਿਆਂ ਦਾ ਉਹਨਾਂ ਨੂੰ ਪਾਰਲੀਮੈਂਟ ਵਿੱਚ ਭੇਜਣ ਲਈ ਧੰਨਵਾਦ ਕੀਤਾ।ਸਾਰੀ ਕਾਇਨਾਤ ਦੀਆਂ ਮਾਵਾਂ ਨੂੰ ਸਮਰਪਿਤ ਇਸ ਪ੍ਰੋਗਰਾਮ ਦੀ ਸ਼ੁਰੂਆਤ ਸੁਖਮਿੰਦਰ ਗਿੱਲ ਨੇ ਆਪਣੇ ਲਿਖੇ ਗੀਤ ਫੇਰ ਕੱਚੇ ਘਰਾਂ ਦੀ ਕਹਾਣੀ ਯਾਦ ਆ ਗਈ,ਬਾਪੂ ਸਾਡਾ ਰਾਜਾ ਸੀ ਮਾਂ ਰਾਣੀ ਯਾਦ ਆ ਗਈ ।ਨੂੰ ਤਰੰਨਮ ਵਿੱਚ ਗਾਕੇ ਕੀਤੀ।।ਲਹਿੰਦੇ ਪੰਜਾਬ ਤੋ ਜਨਾਬ ਮੁਨੱਵਰ ਅਹਿਮਦ ਨੇ ਮਾਹੀਆ ਤੇ ਟੱਪੇ ਸੁਣਾ ਕੇ ਰੰਗ ਬੰਨਿਆਂ। ਦਰਸ਼ਨ ਸਿੰਘ ਧਾਲੀਵਾਲ ਨੇ ਕੈਨੇਡਾ ਵਿੱਚ ਰਹਿੰਦਿਆਂ ਹੋਇਆਂ ਕੈਨੇਡਾ ਦੇ ਸਾਰੇ ਕਾਇਦੇ ਕਾਨੂੰਨ ਮੰਨਣ ਦੀ ਅਪੀਲ ਕੀਤੀ।ਕਮਲਜੀਤ ਕੌਰ ਨੇ ਵੀ ਇੱਕ ਪੰਜਾਬੀ ਲੋਕ ਗੀਤ ਪੇਸ਼ ਕੀਤਾ। ਜਸਪ੍ਰੀਆ ਕੌਰ ਜੌਹਲ ਦੁਆਰਾ ਟਰੇਂਡ ਕੀਤੀ ਹੋਈ ਬੱਚੀਆਂ ਦੀ ਗਿੱਧੇ ਦੀ ਟੀਮ ਦੇ ਗਿੱਧੇ ਨੂੰ ਸਾਰਿਆਂ ਨੇ ਬਹੁਤ ਪਸੰਦ ਕੀਤਾ। ਸੁਰਜੀਤ ਸਿੰਘ ਹੇਅਰ ਨੇ ਗੁਰਭਜਨ ਗਿੱਲ ਦੀ ਲਿਖੀ ਰਚਨਾ "ਮੇਰੀ ਮਾਂ " ਸੁਣਾਈ। ਪਰਬੇਸ਼ ਪ੍ਰਹਾਰ ਵੱਲੋਂ ਕੀਤਾ ਗਿਆ ਮੰਚ ਸੰਚਾਲਨ ਬਾਕਮਾਲ ਸੀ, ਹਰੇਕ ਮੌਕੇ ਤੇ ਸੰਬੰਧਤ ਚੁਟਕਲਿਆਂ ਦੀ ਪੇਸ਼ਕਾਰੀ ਪਰਬੇਸ਼ ਦੇ ਹਿੱਸੇ ਆਈ।

# ਚੈਸਟਰਮੀਅਰ ਦੀ ਡਿਪਟੀ ਮੇਅਰ ਅਤੇ ਕੌਂਸਲਰ ਕਿਰਨ ਰੰਧਾਵਾ ਫਿਰ ਚੋਣ ਮੈਦਾਨ ਵਿੱਚ ਨਿੱਤਰੀ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਦੇ ਨਾਲ ਲੱਗਦੇ ਝੀਲਾਂ ਦੇ ਸ਼ਹਿਰ ਵੱਜੋਂ ਜਾਣੇ ਜਾਂਦੇ ਚੈਸਟਰਮੀਰ ਦੀ ਮੌਜੂਦਾ ਕੌਂਸਲਰ ਅਤੇ ਡਿਪਟੀ ਮੇਅਰ ਦੀਆਂ ਸੇਵਾਵਾਂ ਨਿਭਾ ਰਹੀ ਕਿਰਨ ਰੰਧਾਵਾ ਨੇ ਬੀਤੇ ਦਿਨੀ ਐਲਾਨ ਕੀਤਾ ਹੈ ਕਿ ਉਹ ਅਗਲੀ ਟਰਮ ਲਈ ਫਿਰ ਚੋਣ ਮੈਦਾਨ ਵਿੱਚ ਕੁੱਦ ਪਈ ਹੈ। ਕਿਰਨ ਰੰਧਾਵਾ ਦਾ ਕਹਿਣਾ ਹੈ ਕਿ ਅਸਲ ਵਿੱਚ ਉਸਦੀ ਪਿਛਲੀ ਟਰਮ ਦੀ ਚੋਣ ਉਪਰੰਤ ਉਸ ਕੋਲ ਥੋੜਾ ਸਮਾਂ ਸਿਰਫ ਇੱਕ ਸਾਲ ਦੇ ਕਰੀਬ ਹੀ ਬਚਿਆ ਸੀ ਪਰ ਮੈਂ ਫਿਰ ਵੀ ਜਿੰਨਾ ਵੱਧ ਤੋਂ ਵੱਧ ਹੋ ਸਕਿਆ ਚੈਸਟਰਮੀਅਰ ਲਈ ਕੁੱਝ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਨੂੰ ਉਮੀਂਦ ਹੀ ਨਹੀ ਸਗੋਂ ਪੂਰੀ ਉਮੀਂਦ ਹੈ ਕਿ ਮੈਂ ਤੁਹਾਡੇ ਵੋਟ ਬੈਂਕ ਵਿੱਚੋਂ ਪਹਿਲਾਂ ਨਾਲੋਂ ਜਿਆਦਾ ਹਿੱਸਾ ਲੈਕੇ ਆਉਣ ਵਾਲੇ ਚਾਰ ਸਾਲਾਂ ਲਈ ਤੁਹਾਡੀ ਸੇਵਾ ਕਰਦੀ ਰਹਾਂਗੀ। ਅਗਲੀ ਚੋਣ ਲੜਨ ਲਈ ਕਿਰਨ ਰੰਧਾਵਾ ਨੇ ਆਪਣੇ ਕਾਗਜ਼ ਦਾਖਿਲ ਕਰ ਦਿੱਤੇ ਹਨ।












# ਜੰਗਲੀ ਅੱਗਾਂ ਨੇ ਮੈਨੀਟੋਬਾ ਸੂਬਾ ਘੇਰਿਆ



ਵਿਨੀਪੈਗ (ਪੰਜਾਬੀ ਅਖ਼ਬਾਰ ਬਿਊਰੋ) ਮੈਨੀਟੋਬਾ ਸੂਬੇ ਵਿੱਚ ਲੱਗੀਆਂ ਜੰਗਲੀ ਅੱਗਾਂ ਕਾਰਨ ਬੀਤੇ ਦਿਨੀ ਦੋ ਜਣਿਆਂ ਦੀ ਦਰਦਨਾਕ ਮੌਤ ਹੋ ਗਈ ਸੀ, ਜਿਸ ਉਪਰੰਤ ਮੈਨੀਟੋਬਾ ਦੇ ਪ੍ਰੀਮੀਅਰ ਵਾਬ ਕਨੂੰ ਵੱਲੋਂ ਸੂਬੇ ਦੀ ਵਾਈਟ ਸ਼ੈਲ ਪ੍ਰੋਵਿੰਸ਼ੀਅਲ ਪਾਰਕ ਵਿੱਚ ਸਟੇਟ ਆਫ ਐਮਰਜੈਂਸੀ ਲਗਾ ਦਿੱਤੀ ਗਈ ਹੈ ਤਾਂ ਕਿ ਇਸ ਅੱਗ ਨਾਲ ਨਜਿੱਠਣ ਵਾਲੇ ਕਰਮੀਆਂ ਨੂੰ ਵਧੇਰੇ ਤਾਕਤਾਂ ਮਿਲ ਸਕਣ। ਐਮਰਜੈਂਸੀ ਦਾ ਐਲਾਨ ਕਰਦਿਆਂ ਪ੍ਰੀਮੀਅਰ ਵਾਬ ਕਨੂੰ ਨੇ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨਾਲ ਜਿੱਥੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ ਉਸ ਦੇ ਨਾਲ ਹੀ ਇਹ ਵੀ ਦੱਸਿਆ ਕਿ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਵਿਧਾਨ ਸਭਾ ਤੇ ਹੋਰ ਸਰਕਾਰੀ ਇਮਾਰਤਾਂ ਉੱਪਰ ਰਾਸ਼ਟਰੀ ਝੰਡੇ ਅੱਧੇ ਝੁਕਾਏ ਗਏ ਹਨ। ਉਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਖੁੱਲੇ ਵਿੱਚ ਅੱਗ ਨਾ ਬਾਲਣ ਜਿਸ ਨਾਲ ਸਥਿੱਤੀ ਹੋਰ ਗੰਭੀਰ ਹੋ ਜਾਵੇ। ਉਹਨਾਂ ਆਖਿਆ ਕਿ ਅੱਗ ਤੋਂ ਪ੍ਰਭਾਵਿਤ ਖੇਤਰਾਂ ਵਿੱਚੋਂ 300 ਲੋਕਾਂ ਨੂੰ ਸੁਰੱਖਿਤ ਬਾਹਰ ਕੱਢਿਆ ਗਿਆ ਹੈ। ਉਹਨਾਂ ਅੱਗ ਪ੍ਰਭਾਵਿਤ ਖੇਤਰਾਂ ਜਾਂ ਉਸਦੇ ਨੇੜੇ ਰਹਿੰਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਦੋਂ ਉਹਨਾਂ ਨੂੰ ਉਥੋਂ ਬਾਹਰ ਨਿਕਲਣ ਲਈ ਆਖਿਆ ਜਾਵੇ ਤਾਂ ਉਸ ਨੂੰ ਗੰਭੀਰਤਾ ਨਾਲ ਸੁਣਿਆ ਜਾਵੇ।

# ਓਟੈਰੀਓ ਦੀਆਂ ਸੜਕਾ 'ਤੇ ਗਾਵਾਂ ਨੇ ਪਾਇਆ ਭੜਥੂ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ -ਟੈਰੀ- ਵਿੱਚ ਅੱਧੀ ਦਰਜਨ ਤੋਂ ਵੱਧ ਗਾਵਾਂ ਜੋ ਕਿ ਆਪਣੇ ਵਾੜੇ ਤੋਂ ਬਾਹਰ ਆ ਗਈਆਂ ਸਨ ਕਾਰਨ ਆਵਾਜਾਈ ਵਿੱਚ ਭਾਰੀ ਵਿਘਨ ਵੇਖਣ ਨੂੰ ਮਿਲਿਆ। ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਹਾਈਵੇਅ ਸੇਫਟੀ ਡਿਵੀਜ਼ਨ ਦੇ ਸਾਰਜੰਟ ਕੈਰੀ ਸ਼ਮਿਟ ਨੇ ਦੱਸਿਆ ਕਿ ਸੱਤ ਗਾਵਾਂ ਨਿਊ ਮਾਰਕੀਟ ਦੇ ਪੱਛਮ ਵੱਲ ਹਾਈਵੇ 400 ਦੇ ਨੇੜੇ ਘੁੰਮਦੀਆਂ ਮਿਲੀਆਂ, ਜਿਸ ਕਾਰਨ ਕੋਟਜ ਕਾਊਂਟੀ ਵੱਲ ਜਾ ਰਹੇ ਡਰਾਈਵਰਾਂ ਨੂੰ ਦੇਰੀ ਦਾ ਸਾਹਮਣਾ ਕਰਨਾ ਪਿਆ। ਸਾਰਜੰਟ ਨੇ ਦੱਸਿਆ ਕਿ ਇਹ ਗਾਵਾਂ ਬਾਅਦ ਦੁਪਹਿਰ 2 ਵਜੇ ਦੇ ਕਰੀਬ ਆਪਣੇ ਵਾੜੇ ਤੋਂ ਬਾਹਰ ਨਿਕਲ ਆਈਆਂ ਸਨ ਅਤੇ ਇਹਨਾਂ ਨੂੰ ਵਾਪਸ ਟਰੇਲਰ ਤੇ ਚੜਾਉਣ ਲਈ ਵੱਡੀ ਜਦੋ ਜਹਿਦ ਕਰਨੀ ਪਈ। ਜਦੋਂ ਇਹਨਾਂ ਗਾਵਾਂ ਨੂੰ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਤਾਂ ਹਾਈਵੇ 400 ਦੇ ਦੋਵੇਂ ਪਾਸੇ ਦੀ ਟਰੈਫਿਕ ਨੂੰ ਰੋਕ ਦਿੱਤਾ ਗਿਆ ਸੀ।

# ਡੋਨਾਲਡ ਟਰੰਪ ਨੇ ਬਿਆਨ ਬਦਲੇ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 5 ਦਿਨਾਂ ਬਾਅਦ ਭਾਰਤ ਅਤੇ ਪਾਕਿਸਤਾਨ ਵਿੱਚਕਾਰ ਜੰਗਬੰਦੀ ਦੇ ਆਪਣੇ ਬਿਆਨ ਤੋਂ ਪਿੱਛੇ ਹਟ ਗਏ ਹਨ। ਉਨ੍ਹਾਂ ਕਿਹਾ ਕਿ ਮੈਂ ਦੋਵਾਂ ਦੇਸ਼ਾਂ ਵਿੱਚਕਾਰ ਵਿੱਚੋਲਗੀ ਨਹੀਂ ਕੀਤੀ, ਪਰ ਮੈਂ ਮੱਦਦ ਕੀਤੀ ਹੈ। ਟਰੰਪ ਨੇ ਕਿਹਾ, 'ਮੈਂ ਇਹ ਨਹੀਂ ਕਹਿ ਰਿਹਾ ਕਿ ਮੈਂ ਇਹ ਕੀਤਾ, ਪਰ ਇਹ ਪੱਕਾ ਹੈ ਕਿ ਮੈਂ ਪਿਛਲੇ ਹਫ਼ਤੇ ਭਾਰਤ ਅਤੇ ਪਾਕਿਸਤਾਨ ਵਿੱਚਕਾਰ ਜੋ ਹੋਇਆ ਉਸਨੂੰ ਸੁਲਝਾਉਣ ਵਿੱਚ ਮੱਦਦ ਕੀਤੀ।' ਭਾਰਤ ਅਤੇ ਪਾਕਿਸਤਾਨ ਵਿੱਚਕਾਰ ਹੋਰ ਵੀ ਭਿਆਨਕ ਹਮਲੇ ਹੋ ਸਕਦੇ ਸਨ। ਦੋਵਾਂ ਦੇਸ਼ਾਂ ਨੇ ਅਚਾਨਕ ਮਿਜ਼ਾਈਲਾਂ ਦਾਗਣੀਆਂ ਸ਼ੁਰੂ ਕਰ ਦਿੱਤੀਆਂ, ਪਰ ਅਸੀਂ ਸਭ ਕੁੱਝ ਸੁਲਝਾ ਲਿਆ। ਟਰੰਪ ਨੇ 10 ਮਈ ਨੂੰ ਦੋਵਾਂ ਦੇਸ਼ਾਂ ਵਿੱਚਕਾਰ ਵਿੱਚੋਲਗੀ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ, 'ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਮਰੀਕਾ ਦੀ ਵਿੱਚੋਲਗੀ ਹੇਠ ਲੰਬੀ ਗੱਲਬਾਤ ਤੋਂ ਬਾਅਦ, ਭਾਰਤ ਅਤੇ ਪਾਕਿਸਤਾਨ ਇੱਕ ਪੂਰਨ ਅਤੇ ਤੁਰੰਤ ਜੰਗਬੰਦੀ 'ਤੇ ਸਹਿਮਤ ਹੋ ਗਏ ਹਨ।'

# ਐਲਬਰਟਾ ਪ੍ਰੀਮੀਅਰ ਵੱਲੋਂ ਟੈਰਿਫ਼ਾਂ ਦੇ ਮੱਦੇਨਜ਼ਰ 6 ਮਿਲੀਅਨ ਡਾਲਰ ਨਿਵੇਸ਼ ਕਰਨ ਦਾ ਐਲਾਨ

ਐਡਮਿੰਟਨ(ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਐਲਾਨ ਕੀਤਾ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਦੇ ਸੱਤਾ ਸੰਭਾਲਣ ਉਪਰੰਤ ਕੈਨੇਡਾ ਅਤੇ ਅਮਰੀਕਾ ਦੇ ਰਿਸ਼ਤਿਆਂ ਵਿੱਚ ਆਈ ਤਬਦੀਲੀ ਦੇ ਅਧਿਅਨ ਵਾਸਤੇ ਸੂਬਾ ਸਰਕਾਰ ਵੱਲੋਂ ਅਗਲੇ ਤਿੰਨ ਸਾਲਾਂ ਦੇ ਦੌਰਾਨ ਸਾਢੇ 6 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ ਤਾਂ ਕਿ ਕੈਨੇਡਾ ਤੇ ਅਮਰੀਕਾ ਦੇ ਰਿਸ਼ਤਿਆਂ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਉਸੇ ਅਨੁਸਾਰ ਤੇਜ਼ੀ ਨਾਲ ਅੱਗੇ ਵਧਣ ਉੱਪਰ ਕੰਮ ਕੀਤਾ ਜਾ ਸਕੇ। ਇਹ ਅਧਿਅਨ ਕੈਲਗਰੀ ਯੂਨੀਵਰਸਿਟੀ ਦੇ ਸਕੂਲ ਆਫ ਪਬਲਿਕ ਪੋਲਿਸੀ ਵੱਲੋਂ ਕੀਤਾ ਜਾਵੇਗਾ। ਇਸ ਐਲਾਨ ਮੌਕੇ ਪ੍ਰੀਮੀਅਰ ਦੇ ਨਾਲ ਮੰਤਰੀ ਰਾਜਨ ਸਾਹਨੀ ਤੋਂ ਇਲਾਵਾ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਵੀ ਮੌਕੇ ਤੇ ਮੌਜੂਦ ਸਨ।

# ਟਰੰਪ ਨੇ ਐਪਲ ਵਾਲਿਆਂ ਨੂੰ ਭਾਰਤ ਵਿੱਚ ਕੰਮ ਕਰਨ ਤੋਂ ਵਰਜਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਤਰ ਦੀ ਰਾਜਧਾਨੀ ਦੋਹਾ ਵਿੱਚ ਵਪਾਰਕ ਗੋਲਮੇਜ਼ ਸਮਾਗਮ ਦੌਰਾਨ ਭਾਰਤ ਵਿੱਚ ਐਪਲ ਦੇ ਵਧਦੇ ਉਤਪਾਦਨ 'ਤੇ ਇਤਰਾਜ਼ ਜਤਾਇਆ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਨੇ ਐਪਲ ਦੇ ਸੀਈ- ਟਿਮ ਕੁੱਕ ਨੂੰ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ ਉਹ ਭਾਰਤ ਵਿੱਚ ਆਪਣੇ ਨਿਰਮਾਣ ਕਾਰਜਾਂ ਦਾ ਵਿਸਥਾਰ ਨਾ ਕਰਨ, ਇਸ ਨਾਲ ਅਮਰੀਕਾ ਵਿੱਚ ਨੌਕਰੀਆਂ 'ਤੇ ਅਸਰ ਪਵੇਗਾ। ਟਰੰਪ ਨੇ ਕਿਹਾ,' ਮੈਂ ਟਿਮ ਕੁੱਕ ਨੂੰ ਕਿਹਾ ਕਿ ਉਹ ਭਾਰਤ ਵਿੱਚ ਵਿਸਥਾਰ ਕਰਨ ਜਾ ਰਹੇ ਹਨ ਤੇ ਅਮਰੀਕਾ ਨੂੰ ਲੱਗਦਾ ਹੈ ਕਿ ਇਸ ਦੀ ਕੋਈ ਲੋੜ ਨਹੀਂ। ਅਸੀਂ ਨਹੀਂ ਚਾਹੁੰਦੇ ਕਿ ਉਹ ਭਾਰਤ ਵਿੱਚ ਵਿਸਥਾਰ ਕਰਨ। ਟਰੰਪ ਦਾ ਇਹ ਬਿਆਨ ਉਸ ਵੇਲੇ ਆਇਆ ਹੈ ਜਦੋਂ ਐਪਲ ਦੇ ਸੀਈ- ਟਿਮ ਕੁੱਕ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਹੁਣ ਅਮਰੀਕਾ ਵਿੱਚ ਵਿਕਣ ਵਾਲੇ ਪੰਜਾਹ ਫੀਸਦੀ ਆਈਫੋਨ ਭਾਰਤ ਵਿੱਚ ਬਣਾਏ ਜਾ ਰਹੇ ਹਨ।

# ਫਿਊਲ ਟੈਕਸ ਪੱਕਾ ਹਟਾਇਆ ਓਨਟਾਰੀਓ ਨੇ




ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟੈਰੀਓ ਦੇ ਪ੍ਰੀਮੀਅਰ ਡਗ ਫੋਰਡ ਨੇ ਐਲਾਨ ਕੀਤਾ ਹੈ ਕਿ ਉਹਨਾਂ ਦੀ ਸਰਕਾਰ ਵੱਲੋਂ ਸੂਬੇ ਚ ਗੈਸ ਅਤੇ ਡੀਜ਼ਲ ਉੱਪਰ ਲਗਾਇਆ ਜਾਂਦਾ ਟੈਕਸ ਪੱਕੇ ਤੌਰ ਤੇ ਖਤਮ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਹਾਈਵੇਅ 407 ਈਸਟ ਦੇ ਸੂਬਾ ਸਰਕਾਰ ਦੀ ਮਾਲਕੀ ਵਾਲੇ ਹਿੱਸੇ ਨੂੰ ਟੋਲ ਮੁਕਤ ਕੀਤਾ ਜਾ ਰਿਹਾ ਹੈ। ਪਿਕਰਿੰਗ ਵਿੱਚ ਇਹ ਐਲਾਨ ਕਰਦਿਆਂ ਪ੍ਰੀਮੀਅਰ ਨੇ ਆਖਿਆ ਕਿ 2025 ਦਾ ਬਜਟ ਜੋ ਕਿ 15 ਮਈ ਨੂੰ ਪੇਸ਼ ਕੀਤਾ ਜਾਵੇਗਾ ਵਿੱਚ ਇਹ ਦੋਵੇਂ ਕਾਨੂੰਨ ਪੇਸ਼ ਕੀਤੇ ਜਾਣਗੇ। ਉਹਨਾਂ ਆਖਿਆ ਕਿ ਗੈਸ ਉਪਰੋਂ ਟੈਕਸ ਹਟਾਏ ਜਾਣ ਨਾਲ ਗੈਸ ਉੱਪਰ ਪ੍ਰਤੀ ਲੀਟਰ ਨੌ ਸੈਂਟ ਸੂਬਾਈ ਟੈਕਸ ਖਤਮ ਹੋ ਜਾਵੇਗਾ ਜਿਸ ਨਾਲ -ਟੈਰੀ- ਵਾਸੀਆਂ ਨੂੰ ਔਸਤਨ 115 ਡਾਲਰ ਸਾਲਾਨਾ ਦੀ ਬਚਤ ਹੋਵੇਗੀ ਅਤੇ ਇਸੇ ਤਰ੍ਹਾਂ ਹਾਈਵੇ 407 ਈਸਟ ਉੱਪਰ ਟੋਲ ਟੈਕਸ ਖਤਮ ਕੀਤੇ ਜਾਣ ਨਾਲ ਰੋਜ਼ਾਨਾ ਸਫਰ ਕਰਨ ਵਾਲਿਆਂ ਨੂੰ ਸਲਾਨਾ ਔਸਤਨ 7200 ਡਾਲਰ ਦੀ ਬਚਤ ਹੋਵੇਗੀ।

# ਅਮਰੀਕਾ ਵਿੱਚ ਰਹਿ ਰਹੇ 45 ਲੱਖ ਭਾਰਤੀਆਂ ਨੂੰ ਵਿੱਤੀ ਝਟਕਾ ਲੱਗ ਸਕਦੈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਬਿੱਲ ਦਾ ਪ੍ਰਸਤਾਵ ਰੱਖਿਆ ਹੈ ਜਿਸ ਵਿੱਚ ਗੈਰ-ਅਮਰੀਕੀ ਨਾਗਰਿਕਾਂ, ਜਿਨ੍ਹਾਂ ਵਿੱਚ ਗੈਰ-ਪ੍ਰਵਾਸੀ ਵੀਜ਼ਾ ਧਾਰਕ (ਜਿਵੇਂ ਕਿ 8-12) ਅਤੇ ਗ੍ਰੀਨ ਕਾਰਡ ਧਾਰਕ ਸ਼ਾਮਲ ਹਨ, ਦੁਆਰਾ ਕੀਤੇ ਗਏ ਸਾਰੇ ਅੰਤਰਰਾਸ਼ਟਰੀ ਪੈਸੇ ਟ੍ਰਾਂਸਫਰ 'ਤੇ 5 ਪ੍ਰਤੀਸ਼ਤ ਟੈਕਸ ਲਗਾਇਆ ਜਾਵੇਗਾ। ਜੇਕਰ ਇਹ ਪਾਸ ਹੋ ਜਾਂਦਾ ਹੈ, ਤਾਂ ਕਾਨੂੰਨ ਟ੍ਰਾਂਸਫਰ ਦੇ ਸਮੇਂ ਭੇਜੀ ਗਈ ਰਕਮ ਦਾ 5 ਪ੍ਰਤੀਸ਼ਤ ਰੋਕ ਦੇਵੇਗਾ। ਜਿਸ ਵਿੱਚ ਕੋਈ ਛੋਟ ਸੀਮਾ ਨਿਰਧਾਰਤ ਨਹੀਂ ਕੀਤੀ ਗਈ ਹੈ, ਭਾਵ ਇਹ ਛੋਟੇ ਮੁੱਲਾਂ ਦੇ ਟ੍ਰਾਂਸਫਰ 'ਤੇ ਵੀ ਲਾਗੂ ਹੋਵੇਗਾ।ਇਹ ਕਾਨੂੰਨ ਅਮਰੀਕਾ ਵਿੱਚ ਰਹਿ ਰਹੇ ਲਗਭਗ 45 ਲੱਖ ਭਾਰਤੀਆਂ ਲਈ ਇੱਕ ਵੱਡਾ ਵਿੱਤੀ ਝਟਕਾ ਬਣ ਸਕਦਾ ਹੈ, ਜਿਸ ਵਿੱਚ ਭਾਰਤੀ ਮੂਲ ਦੇ ਲਗਭਗ 32 ਲੱਖ ਵਿਅਕਤੀ ਸ਼ਾਮਲ ਹਨ। ਰਿਜ਼ਰਵ ਬੈਂਕ ਆਫ਼ ਇੰਡੀਆ (RBI) ਦੁਆਰਾ ਮਾਰਚ ਵਿੱਚ ਪ੍ਰਕਾਸ਼ਿਤ ਇੱਕ ਰੈਮਿਟੈਂਸ ਸਰਵੇਖਣ ਦੇ ਅਨੁਸਾਰ, 2023-24 ਵਿੱਚ ਭੇਜੇ ਗਏ ਕੁੱਲ $118.7 ਬਿਲੀਅਨ ਵਿੱਚੋਂ, ਲਗਭਗ 28 ਪ੍ਰਤੀਸ਼ਤ ਜਾਂ $32 ਬਿਲੀਅਨ ਅਮਰੀਕਾ ਤੋਂ ਆਏ ਸਨ। ਇਸ ਅੰਕੜੇ ਨੂੰ ਮਾਪਦੰਡ ਵਜੋਂ ਲੈਂਦੇ ਹੋਏ, ਜੇਕਰ ਕਾਨੂੰਨ ਲਾਗੂ ਹੁੰਦਾ ਹੈ ਤਾਂ ਭਾਰਤੀ ਭਾਈਚਾਰੇ ਨੂੰ 1.6 ਬਿਲੀਅਨ ਡਾਲਰ (32 ਬਿਲੀਅਨ ਡਾਲਰ ਦਾ 5 ਪ੍ਰਤੀਸ਼ਤ) ਰੈਮਿਟੈਂਸ ਟੈਕਸ ਵੱਜੋਂ ਅਦਾ ਕਰਨਾ ਪੈ ਸਕਦਾ ਹੈ।

# ਰਮਿੰਦਰ ਸਿੰਘ ਜੌਹਲ 48 ਸਾਲ ਦੀ ਉਮਰੇ ਵਿਛੋੜਾ ਦੇ ਗਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਪੰਜਾਬੀ ਭਾਈਚਾਰੇ ਵਿੱਚ ਉਸ ਵੇਲੇ ਸੋਗ ਦੀ ਲਹਿਰ ਦੌੜ ਗਈ ਜਦੋਂ ਕੈਲਗਰੀ ਵਾਸੀ ਟਰੱਕਿੰਗ ਇੰਡਸਟਰੀ ਨਾਲ ਜੁੜੇ ਰਮਿੰਦਰ ਸਿੰਘ ਜੌਹਲ 48 ਸਾਲ ਦੀ ਉਮਰ ਵਿੱਚ ਹਾਰਟ ਅਟੈਕ ਹੋਣ ਕਾਰਣ ਅਕਾਲ ਚਲਾਣਾ ਕਰ ਗਏ। 17 ਮਈ 2025 ਨੂੰ ਕੰਟਰੀਹਿੱਲਜ ਵਾਲੇ ਫਿਊਨਰਲ ਹੋਮ ਵਿਖੇ ਸਵ: ਰਮਿੰਦਰ ਸਿੰਘ ਜੌਹਲ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਦੋਸਤਾਂ ਮਿੱਤਰਾਂ ਰਿਸ਼ਤੇਦਾਰਾਂ ਦੀ ਗਮਗੀਨ ਹਾਜਿਰੀ ਦੌਰਾਨ ਕੀਤਾ ਗਿਆ। ਸਸਕਾਰ ਉਪਰੰਤ ਅੰਤਿਮ ਅਰਦਾਸ ਗੁਰੂਦਵਾਰਾ ਦਸਮੇਸ਼ ਕਲਚਰਲ ਸੈਂਟਰ ਕੈਲਗਰੀ ਵਿਖੇ ਹੋਈ। ਉਹ ਆਪਣੇ ਪਿੱਛੇ ਬਜੁਰਗ ਮਾਪੇ,ਦੋ ਧੀਆਂ ਅਤੇ ਵਿਧਵਾ ਪਤਨੀ ਛੱਡ ਗਏ ਹਨ।ਗੁਰਦਾਸਪੁਰ ਜਿਲੇ ਦੇ ਪਿੰਡ ਪਸਨਾਵਾਲ ਵਿਖੇ ਜਨਮਿਆ ਰਮਿੰਦਰ ਜੌਹਲ, ਧਾਰੀਵਾਲ ਤੋਂ 12ਵੀਂ ਕਰਦਿਆਂ ਸਰਕਾਰੀ ਕਾਲਿਜ ਗੁਰਦਾਸਪੁਰ ਤੋਂ ਗਰੈਜੂਏਟ ਹੋਇਆ। ਪੰਜਾਬ ਯੂਨੀਵਰਿਸਟੀ ਤੋਂ ਐਮ ਏ ਕੀਤੀ। ਕਨੇਡਾ ਆਕੇ ਟਰੱਕਿੰਗ ਇੰਡਸਟਰੀ ਵਿੱਚ ਕੰਮ ਕਰਦਿਆਂ ਆਪਣਾ ਆਲਾ ਦੁਆਲਾ ਮਿੱਤਰਤਾਈ ਦੇ ਫੁੱਲਾਂ ਨਾਲ ਮਹਿਕਾਉਣਾ ਰਮਿੰਦਰ ਜੌਹਲ ਦੇ ਹਿੱਸੇ ਆਇਆ ਸੀ। ਪਰ 14 ਮਈ 2025 ਦੀ ਕਾਲੀ ਸਵੇਰ ਨੂੰ ਮੌਤ ਰੂਪੀ ਹਨੇਰੀ ਉਸ ਨੂੰ ਸਾਡੇ ਨਾਲੋਂ ਵਿਛੋੜ ਕੇ ਲੈ ਗਈ।




# ਸਵਰਨ ਭੰਗੂ ਨੇ ਆਪਣੀ ਕਨੇਡਾ ਫੇਰੀ ਦੌਰਾਨ ਬਉਮੌਂਟ ਸੋਸਾਇਟੀ ਨਾਲ ਸਾਂਝ ਪਾਈ



ਐਡਮਿੰਟਨ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਥੋੜ੍ਹੇ ਸਮੇਂ ਲਈ ਐਡਮਿੰਟਨ ਵਿਖੇ ਆਏ ਸ: ਸਵਰਨ ਭੰਗੂ ਜਿਨ੍ਹਾਂ ਦਾ ਜ਼ਿੰਦਗੀ ਭਰ ਦਾ ਇਤਿਹਾਸ ਲੋਕ ਸੇਵਾ ਨੂੰ ਸਮਰਪਿਤ ਹੈ, ਨੇ ਨੇੜਲੇ ਸਹਿਰ ਬਉਮੌਂਟ ਵਿਖੇ ਬਜੁਰਗਾਂ ਦੀ ਸੰਸਥਾ ਵਿਖੇ ਵੀ ਵਿਸ਼ੇਸ਼ ਤੌਰ ਤੇ ਹਾਜਿਰੀ ਲਗਵਾਈ।ਭੰਗੂ ਸਾਹਿਬ, ਸ: ਗੁਰਦੇਵ ਸਿੰਘ ਕੰਗ ਯਾਦਗਾਰੀ ਸਿੱਖਿਆ- ਸੰਸਥਾ ਬੱਸੀ ਗੁੱਜਰਾਂ ( ਰੂਪਨਗਰ ) ਦੇ ਡਾਇਰੈਕਟਰ ਹਨ, ਇਹਨਾਂ ਦੀ ਜੀਵਨ ਸਾਥਣ ਗੁਰਪ੍ਰੀਤ ਭੰਗੂ ਜੀ ਪੇਸ਼ੇ ਵੱਜੋਂ ਅਧਿਆਪਕਾ ਹਨ, ਇਨ੍ਹਾਂ ਦੋਹਾਂ ਨੇ ਸਾਦਾ ਵਿਆਹ ਕਰਵਾਇਆ ਅਤੇ ਲੋਕਪੱਖੀ ਲੋਕਾਂ ਦੇ ਫ਼ਿਕਰਾਂ ਨੂੰ ਸਮਰਪਿਤ ਭਾਅ ਜੀ ਗੁਰਸ਼ਰਨ ਸਿੰਘ ਨੂੰ ਨਾਟਕਾਂ, ਕੋਰਿਓਗਰਾਫੀਆਂ ਪੰਜਾਬ , ਦੇਸ਼ ਵਿਦੇਸ਼ ਵਿੱਚ ਲੈਕੇ ਜਾਣ ਵਿੱਚ ਪੂਰਾ ਸਹਿਯੋਗ ਦੇਣ ਤੋਂ ਇਲਾਵਾ ਹੁਣ ਗੁਰਪ੍ਰੀਤ ਭੰਗੂ ਜੀ ਨੇ ਸੈਂਕੜੇ ਪੰਜਾਬੀ ਫ਼ਿਲਮਾਂ ਵਿੱਚ ਡਾਇਰੈਕਟਰ , ਪਰੋਡਿਊਸਰ, ਕਲਾਕਾਰ ਦਾ ਰੋਲ ਕੀਤਾ। ਸਿੱਖਿਆ ਸੰਸਥਾ ਵਿੱਚ ਲੋੜਵੰਦ ਬੱਚੇ ਬੱਚੀਆਂ ਨੂੰ +2 ਤੱਕ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ ਨਾਲ ਦੀ ਨਾਲ ਹੁਨਰਮੰਦ ਕਾਮੇ ਅਤੇ ਦੇਸ਼ ਭਗਤ ਯੋਧਿਆਂ ਗਦਰੀ ਬਾਬਿਆਂ ਬਾਰੇ ਵੀ ਸਮੇ ਸਮੇਂ ਜਾਣਕਾਰੀ ਦੇ ਕੇ ਵਧੀਆ ਇਨਸਾਨ ਬਣਾਉਣ ਲਈ ਉਪਰਾਲੇ ਜੁਟਾਏ ਜਾਂਦੇ ਹਨ। ਬਉਮੌਂਟ ਦੇ ਬਜੁਰਗਾਂ ਦੀ ਸੰਸਥਾ ਵੱਲੋਂ ਉਹਨਾਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਸੰਸਥਾ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

# ਟਰੱਕਿੰਗ ਇੰਡਸਟਰੀ 'ਤੇ ਡੂੰਘਾ ਅਸਰ ਪਾ ਸਕਦੈ ਟਰੰਪ ਦਾ ਅੰਗਰੇਜ਼ੀ ਮੁਹਾਰਤ ਦਾ ਕਨੂੰਨ

## -ਅਮਰੀਕਾ 'ਚ 80 ਹਜ਼ਾਰ ਡਰਾਈਵਰਾਂ ਦੀ ਘਾਟ ਨਾਲ ਜੂਝ ਰਹੀ ਹੈ ਟਰਾਂਸਪੋਰਟ ਇੰਡਸਟਰੀ
## -ਜੂਨ ਦੇ ਅੰਤ 'ਚ ਲਾਗੂ ਹੋਣ ਵਾਲੇ ਨਵੇਂ ਕਨੂੰਨ ਨਾਲ ਭਾਸ਼ਾ ਮੁਹਾਰਤ ਨਾ ਰੱਖਣ ਵਾਲੇ ਡਰਾਈਵਰਾਂ ਨੂੰ "ਆਊਟ ਆਫ ਸਰਵਿਸ" ਕੀਤਾ ਜਾ ਸਕਦਾ ਹੈ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਜਿੱਥੇ ਇੱਕ ਮਾਰਚ ਤੋਂ ਅੰਗਰੇਜ਼ੀ ਨੂੰ ਅਮਰੀਕਾ ਦੀ ਰਸਮੀ ਭਾਸ਼ਾ ਐਲਾਨਣ ਤੋਂ ਬਾਅਦ ਬੀਤੀ 28 ਅਪ੍ਰੈਲ ਨੂੰ ਕਮਰਸ਼ੀਅਲ ਟਰੱਕ ਡਰਾਈਵਰਾਂ ਲਈ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ ਲਾਜ਼ਮੀ ਕਰਨ ਵਾਲਾ ਇੱਕ ਨਵਾਂ ਹੁਕਮ ਜਾਰੀ ਕੀਤਾ ਹੈ ਜਿਸ ਨਾ.ਲ ਅਮਰੀਕਾ -ਕੈਨੇਡਾ 'ਚ ਟਰੱਕ ਡਰਾਈਵਰਾਂ ਦੀ ਘਾਟ ਨਾਲ ਜੂਝ ਰਹੀ ਟਰਾਂਸਪੋਰਟ ਇੰਡਸਟਰੀ ਨੂੰ ਹੋਰ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਦਰਅਸਲ ਰਾਸ਼ਟਰਪਤੀ ਟਰੰਪ ਦੇ ਨਵਾਂ ਕਾਰਜਕਾਰੀ ਹੁਕਮ ਜਾਰੀ ਕਰਨ ਤੋਂ ਪਹਿਲਾਂ ਵੀ ਇਸ ਸੰਬੰਧੀ ਅਮਰੀਕਾ 'ਚ 2016 ਦਾ 49 CFR 391.11(b)(2), ਕਨੂੰਨ ਮੌਜੂਦ ਹੈ ਜਿਸ ਨੂੰ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਗਿਆ ਪਰ ਹੁਣ ਰਾਸ਼ਟਰਪਤੀ ਟਰੰਪ ਨੇ ਇੱਕ ਨਵਾਂ ਕਾਰਜਕਾਰੀ ਹੁਕਮ ਜਾਰੀ ਕਰਕੇ ਟਰਾਂਸਪੋਰਟ ਵਿਭਾਗ ਅਤੇ ਫੈਡਰਲ ਮੋਟਰ ਕੈਰੀਅਰ ਐਡਮਨਿਸਟਰੇਸ਼ਨ ਨੂੰ ਆਦੇਸ਼ ਦਿੱਤੇ ਹਨ ਕਿ ਉਹ ਇਸ ਕਾਨੂੰਨ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਲਾਗੂ ਕਰਨ ਲਈ 60 ਦਿਨਾਂ ਦੇ ਅੰਦਰ ਨਵੇਂ ਦਿਸ਼ਾ ਨਿਰਦੇਸ਼ ਤਿਆਰ ਕਰੇ। ਅਮਰੀਕਾ ਦੇ ਕਮਰਸ਼ੀਅਲ ਡਰਾਈਵਰਾਂ ਲਈ ਪਹਿਲਾਂ ਤੋਂ ਮੌਜੂਦ ਕਨੂੰਨ ਇਸ ਗੱਲ ਦੀ ਵਿਵਸਥਾ ਕਰਦਾ ਹੈ ਕਿ ਕਮਰਸ਼ੀਅਲ ਡਰਾਈਵਰ ਨੂੰ ਅੰਗਰੇਜ਼ੀ ਭਾਸ਼ਾ ਪੜ੍ਹਨ ਅਤੇ ਬੋਲਣ ਦੀ ਯੋਗ ਕਾਬਲੀਅਤ ਹੋਣੀ ਚਾਹੀਦੀ ਹੈ , ਜਿਸ ਤਹਿਤ ਉਸਨੂੰ ਜਨਤਕ ਤੌਰ 'ਤੇ ਵਿਚਰਦਿਆਂ ਸੰਬੰਧਿਤ ਲੋਕਾਂ ਨਾਲ ਗੱਲਬਾਤ ਕਰਨ , ਹਾਈਵੇ ਦੇ ਸਾਈਨਾਂ ਨੂੰ ਪੜ੍ਹਨ ਅਤੇ ਸਮਝਣ ਦੀ ਯੋਗਤਾ ਰੱਖਣ , ਸਰਕਾਰੀ ਪੜਤਾਲ ਦੀ ਪ੍ਰਕਿਰਿਆ ਪ੍ਰਤੀ ਯੋਗ ਸੰਚਾਰ ਕਰਨ ਅਤੇ ਟਰਾਂਸਪੋਰਟ , ਰੋਡ ਸੁਰੱਖਿਆ ਨਿਯਮਾਂ ਤਹਿਤ ਰਿਕਾਰਡ ਰੱਖਣ ਦੀ ਯੋਗਤਾ ਰੱਖਣਾ ਬਹੁਤ ਜ਼ਰੂਰੀ ਹੈ। ਪਰ ਇਹਨਾਂ ਨਿਯਮਾਂ ਨੂੰ ਸਖਤੀ ਨਾਲ ਲਾਗੂ ਕਰਨ ਦੀ ਬਜਾਏ ਬਹੁਤ ਘੱਟ ਹਾਲਤਾਂ 'ਚ ਪੁਲਿਸ ਅਫਸਰਾਂ ਵੱਲੋਂ ਕੇਵਲ ਟਰੈਫਿਕ ਨਿਯਮਾਂ ਤਹਿਤ "ਨੋ ਇੰਗਲਿਸ਼ " ਦੀ ਟਿਕਟ ਦਿੱਤੀ ਜਾਂਦੀ ਹੈ।

ਪਰ ਹੁਣ ਫੈਡਰਲ ਮੋਟਰ ਕੈਰੀਅਰ ਮੈਨੇਜਮੈਂਟ ਨੂੰ ਦਿੱਤੇ ਗਏ ਆਦੇਸ਼ਾਂ ਤਹਿਤ ਅੰਗਰੇਜ਼ੀ 'ਚ ਸੰਚਾਰ ਨਾ ਕਰ ਸਕਣ ਵਾਲੇ ਕਮਰਸ਼ੀਅਲ ਡਰਾਈਵਰਾਂ ਨੂੰ ਤੁਰੰਤ ਪ੍ਰਭਾਵ ਆਊਟ ਆਫ ਸਰਵਿਸ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਭਾਵ ਇੱਕ ਵਾਰ ਜਾਂਚ ਦੌਰਾਨ ਚਾਰਜ ਹੋਣ ਦੀ ਸੂਰਤ 'ਚ ਫਿਰ ਉਸ ਡਰਾਈਵਰ ਨੂੰ ਉਦੋਂ ਤੱਕ ਅਯੋਗ ਕਰਾਰ ਦਿੱਤਾ ਜਾਵੇਗਾ ਜਦੋਂ ਤੱਕ ਉਹ ਆਪਣੀ ਅੰਗਰੇਜ਼ੀ ਦੀ ਮੁਹਾਰਤ ਦਾ ਸਬੂਤ ਪੇਸ਼ ਨਹੀਂ ਕਰ ਦਿੰਦਾ।

ਜ਼ਿਕਰਯੋਗ ਹੈ ਕਿ ਇਸ ਵਕਤ ਇਕੱਲੇ ਅਮਰੀਕਾ ਵਿੱਚ 80 ਹਜ਼ਾਰ ਕਰੀਬ ਡਰਾਈਵਰਾਂ ਦੀ ਘਾਟ ਹੈ ਅਤੇ ਕੈਨੇਡਾ ਦੇ ਬਹੁਤ ਸਾਰੇ ਡਰਾਈਵਰ ਵੀ ਟਰੱਕ ਲੈ ਕੇ ਅਮਰੀਕਾ ਜਾਂਦੇ ਹਨ ਜਿਹਨਾਂ 'ਚ ਵੱਡੀ ਸਧਾਰਨ ਅੰਗਰੇਜ਼ੀ ਵਾਲੇ ਡਰਾਈਵਰ ਹਨ। ਨਵੇਂ ਕਨੂੰਨ ਮੁਤਾਬਕ ਕਿਸੇ ਡਰਾਈਵਰ ਨੂੰ ਰੋਡ ਇੰਸਪੈਕ੍ਨ ਕਰਾਉਣ , ਸਕੇਲ 'ਤੇ ਇੰਸਪੈਕਸ਼ਨ ਕਰਵਾਉਣ ਸਮੇਂ ਅਤੇ ਅਤੇ ਬਾਰਡਰ 'ਤੇ ਐਂਟਰੀ ਕਰਦੇ ਸਮੇਂ ਅੰਗਰੇਜ਼ੀ ਭਾਸ਼ਾ ਦਾ ਟੈਸਟ ਲਿਆ ਜਾ ਸਕੇਗਾ। ਟਰਾਂਸਪੋਰਟ ਕਾਰੋਬਾਰੀਆਂ ਨੂੰ ਵੀ ਆਦੇਸ਼ ਦਿੱਤੇ ਗਏ ਹਨ ਕਿ ਡਰਾਈਵਰਾਂ ਦੀ ਭਰਤੀ ਸਮੇਂ ਭਾਸ਼ਾ ਦੀ ਮੁਹਾਰਤ ਦਾ ਖਾਸ ਧਿਆਨ ਰੱਖਣ ਅਤੇ ਵੱਖ-ਵੱਖ ਸ਼ਹਿਰਾਂ ਨੂੰ ਇਸ ਸੰਬੰਧੀ ਇਨਫੋਰੈਂਸਮੈਂਟ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ



# ਸੰਪਾਦਕੀ



ਅਗਲੇ ਕਦਮ ਲਈ ਸਦਭਾਵਨਾ ਲਾਜ਼ਿਮ ਹੈ।
- ਸੈਲੂਸਟ

## ਅਲਬਰਟਾ ਦੀ ਕੈਨੇਡਾ ਤੋਂ ਵੱਖ ਹੋਣ ਦੀ ਇੱਛਾ


ਅਲਬਰਟਾ, ਜੋ ਕਿ ਕੈਨੇਡਾ ਦਾ ਇੱਕ ਧਨਾਢ਼ ਸੂਬਾ ਹੈ, ਹਾਲ ਹੀ ਵਿੱਚ ਕੈਨੇਡਾ ਤੋਂ ਵੱਖ ਹੋਣ ਦੀ ਇੱਛਾ ਰੱਖਣ ਦੇ ਮਾਮਲੇ ਸਬੰਧੀ ਚਰਚਾ ਵਿੱਚ ਹੈ। ਅਲਬਰਟਾ ਦੀ ਮੌਜੂਦਾ ਪ੍ਰੋਵਿੰਸ਼ੀਅਲ ਸਰਕਾਰ ਵੱਖ ਹੋਣ ਵਾਲੀਆਂ ਗਤੀਵਿਧੀਆਂ ਅਤੇ ਸੰਵਿਧਾਨਕ ਹੱਕਾਂ 'ਤੇ ਜ਼ੋਰ ਦੇ ਰਹੀ ਹੈ। ਅਸੀਂ ਇਹ ਵੇਖੀਏ ਕਿ ਅਲਬਰਟਾ ਕਿਉਂ ਵੱਖ ਹੋਣਾ ਚਾਹੁੰਦਾ ਹੈ, ਇਸਦੇ ਕੀ ਕਾਰਨ ਹਨ, ਅਤੇ ਜੇਕਰ ਇਹ ਵੱਖ ਹੋ ਜਾਂਦਾ ਹੈ ਤਾਂ ਕੀ ਸੰਭਾਵਿਤ ਨਤੀਜੇ ਕੀ ਹੋ ਸਕਦੇ ਹਨ। ਵੱਖ ਹੋਣ ਦੀ ਇੱਛਾ ਦੇ ਪਿੱਛੇ ਕਾਰਨ ਕੀ ਹਨ। ਆਰਥਿਕ ਨਾ-ਇਨਸਾਫੀ ਦੀ ਭਾਵਨਾ ਇਸ ਦਾ ਮੂਲ ਕਾਰਣ ਮੰਨੀ ਜਾਂਦੀ ਹੈ। ਅਲਬਰਟਾ ਲੰਬੇ ਸਮੇਂ ਤੋਂ ਕੈਨੇਡਾ ਦੀ ਆਰਥਿਕਤਾ 'ਚ ਮੁੱਖ ਯੋਗਦਾਨ ਪਾ ਰਿਹਾ ਹੈ, ਖਾਸ ਕਰਕੇ ਨੈਚਰਲ ਰਿਸੋਰਸ ਜਿਵੇਂ ਕਿ ਤੇਲ ਅਤੇ ਗੈਸ ਦੇ ਖੇਤਰ ਵਿੱਚ। ਪਰ ਅਲਬਰਟਾ ਦੇ ਕਈ ਨਾਗਰਿਕਾਂ ਨੂੰ ਲੱਗਦਾ ਹੈ ਕਿ ਫੈਡਰਲ ਸਰਕਾਰ ਦੁਆਰਾ ਇਕੱਠੀ ਕੀਤੀ ਜਾਣ ਵਾਲੀ ਟੈਕਸ ਰਕਮ ਵਿੱਚੋਂ ਉਨ੍ਹਾਂ ਨੂੰ ਉਚਿਤ ਹਿੱਸਾ ਨਹੀਂ ਮਿਲਦਾ। ਕੈਨੇਡਾ ਦੀ ਫੈਡਰਲ ਸਰਕਾਰ ਨੇ ਕੁੱਝ ਵਾਤਾਵਰਣ ਸੰਬੰਧੀ ਨੀਤੀਆਂ ਲਾਗੂ ਕੀਤੀਆਂ ਹਨ (ਜਿਵੇਂ ਕਿ ਕਾਰਬਨ ਟੈਕਸ), ਜੋ ਅਲਬਰਟਾ ਦੇ ਤੇਲ ਅਤੇ ਗੈਸ ਉਦਯੋਗ 'ਤੇ ਨਕਾਰਾਤਮਕ ਅਸਰ ਪਾ ਰਹੀਆਂ ਹਨ। ਇਸ ਨਾਲ ਸੂਬੇ ਦੀ ਆਮਦਨ ਘਟੀ ਅਤੇ ਰੁਜ਼ਗਾਰ ਦੇ ਮੌਕੇ ਵੀ ਪ੍ਰਭਾਵਿਤ ਹੋਏ ਹਨ। ਸਿਆਸੀ ਪਛਾਣ ਅਤੇ ਸੰਸਕ੍ਰਿਤਕ ਅੰਤਰ ਭਾਵਨਾ ਤਹਿਤ ਕਈ ਅਲਬਰਟਨ ਆਪਣੇ ਆਪ ਨੂੰ ਕੈਨੇਡੀਅਨ ਰਾਸ਼ਟਰਵਾਦ ਦੀ ਥਾਂ ਉੱਤੇ ਅਲਬਰਟਨ ਨੈਸ਼ਨਲਿਜ਼ਮ ਨਾਲ ਜੁੜਿਆ ਮਹਿਸੂਸ ਕਰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਓਟਾਵਾ (ਫੈਡਰਲ ਸਰਕਾਰ )ਵਿੱਚ ਉਨ੍ਹਾਂ ਦੀ ਆਵਾਜ਼ ਸੁਣੀ ਨਹੀਂ ਜਾਂਦੀ। ਵੱਖ ਹੋਣ ਦੀ ਸੰਭਾਵਨਾ ਅਤੇ ਚੁਣੌਤੀਆਂ ਉੱਪਰ ਝਾਤ ਮਾਰੀਏ ਤਾਂ ਜਦੋਂ ਇੱਕ ਸੂਬਾ ਰਾਸ਼ਟਰ ਤੋਂ ਵੱਖ ਹੋਣ ਦੀ ਗੱਲ ਕਰਦਾ ਹੈ, ਤਾਂ ਇਹ ਕੋਈ ਸੌਖਾ ਜਾਂ ਤੁਰੰਤ ਹੋ ਜਾਣ ਵਾਲਾ ਪ੍ਰਕਿਰਿਆ ਨਹੀਂ ਹੁੰਦੀ। ਕੈਨੇਡਾ ਦੇ ਸੰਵਿਧਾਨ ਅਨੁਸਾਰ, ਕਿਸੇ ਵੀ ਸੂਬੇ ਦੀ ਵੱਖਤਾ ਲਈ ਸਿਰਫ਼ ਰਾਜਨੀਤਕ ਇੱਛਾ ਹੀ ਨਹੀਂ, ਬਲਕਿ ਆਮ ਜਨਤਾ ਦੀ ਸਮਰਥਾ, ਸੰਵਿਧਾਨਕ ਸੋਧ ਅਤੇ ਫੈਡਰਲ ਸਰਕਾਰ ਦੀ ਰਜ਼ਾਮੰਦੀ ਲਾਜ਼ਮੀ ਹੈ। ਅਲਬਰਟਾ ਨੂੰ ਵੱਖ ਹੋਣ ਲਈ ਸੰਵਿਧਾਨਿਕ ਸੋਧਾਂ ਦੀ ਲੋੜ ਪਵੇਗੀ ਜੋ ਸਾਰੇ ਸੂਬਿਆਂ ਅਤੇ ਫੈਡਰਲ ਸਰਕਾਰ ਦੀ ਸਹਿਮਤੀ ਨਾਲ ਹੋਣਗੀਆਂ। ਇਹ ਇੱਕ ਪੇਚੀਦਾ ਅਤੇ ਲੰਮਾ ਸਮਾਂ ਲੈਣ ਵਾਲੀ ਪ੍ਰਕਿਰਿਆ ਹੈ। ਜੇਕਰ ਅਲਬਰਟਾ ਕੈਨੇਡਾ ਤੋਂ ਵੱਖ ਹੋ ਜਾਂਦਾ ਹੈ, ਤਾਂ ਇਸ ਦੀ ਆਰਥਿਕਤਾ ਦੀ ਸਥਿਰਤਾ ਤੇ ਸਭ ਤੋਂ ਵੱਡਾ ਅਸਰ ਪਵੇਗਾ। ਨਵਾਂ ਦੇਸ਼ ਬਣਾਉਣ ਦੀ ਲਾਗਤ, ਨਵੀਂ ਕਰੰਸੀ, ਵਪਾਰਕ ਸਮਝੌਤੇ ਅਤੇ ਸਰਹੱਦੀ ਨਿਯਮ ਬਣਾਉਣਾ ਆਦਿ ਸਭ ਕੁੱਝ ਮੁਸ਼ਕਿਲ ਅਤੇ ਮਹਿੰਗੇ ਹੋ ਸਕਦੇ ਹਨ। ਅੰਤਰਰਾਸ਼ਟਰੀ ਮਾਨਤਾ ਲੈਣ ਲਈ ਇੱਕ ਵੱਖ ਦੇਸ਼ ਵਜੋਂ ਮਾਨਤਾ ਪ੍ਰਾਪਤ ਕਰਨਾ ਵੀ ਆਸਾਨ ਨਹੀਂ। ਸੰਯੁਕਤ ਰਾਸ਼ਟਰ ਜਾਂ ਹੋਰ ਰਾਸ਼ਟਰਾਂ ਤੋਂ ਮਾਨਤਾ ਲੈਣੀ ਪੈਂਦੀ ਹੈ, ਜਿਸ ਲਈ ਸਥਿਰਤਾ, ਲੋਕਤੰਤਰਿਕਤਾ ਅਤੇ ਕਾਨੂੰਨੀ ਤਾਣੇਬਾਣੇ ਦੀ ਲੋੜ ਹੁੰਦੀ ਹੈ। ਕੀ ਅਲਬਰਟਾ ਵੱਖ ਹੋਵੇਗਾ?ਇਸ ਸਵਾਲ ਦਾ ਸਿੱਧਾ ਜਵਾਬ ਦੇਣਾ ਅਸਾਨ ਨਹੀਂ। ਜਿਵੇਂ ਕਿ ਕਨੇਡਾ ਦੇ ਕਿਊਬਕ ਸੂਬੇ ਨੇ ਵੀ 1995 ਵਿੱਚ ਵੱਖਰਾ ਹੋਣ ਲਈ ਰੈਫਰੈਂਡਮ ਕਰਵਾਇਆ ਸੀ, ਪਰ ਵੱਖ ਹੋਣ ਦੀ ਇੱਛਾ ਆਮ ਲੋਕਾਂ ਵੱਲੋਂ ਨਕਾਰੇ ਜਾਣ ਉਪਰੰਤ ਹਾਰ ਮੰਨ ਗਈ। ਇਸ ਤਰ੍ਹਾਂ ਦੇ ਕਦਮ ਲਈ ਆਮ ਜਨਤਾ ਦੀ ਭਾਰੀ ਅਤੇ ਸਪਸ਼ਟ ਸਮਰੱਥਾ ਚਾਹੀਦੀ ਹੁੰਦੀ ਹੈ। ਅਜੇ ਤਕ ਅਲਬਰਟਾ ਵਿੱਚ ਐਸਾ ਕੋਈ ਵਿਸ਼ਾਲ ਜਨ-ਮਤ ਨਹੀਂ ਵੇਖਿਆ ਗਿਆ ਜੋ ਪੂਰੀ ਤਰ੍ਹਾਂ ਵੱਖ ਹੋਣ ਦੀ ਇੱਛਾ ਦੇ ਹੱਕ ਵਿੱਚ ਹੋਵੇ। ਅਲਬਰਟਾ ਦੀ ਵੱਖ ਹੋਣ ਦੀ ਚਾਹ ਨੂੰ ਸਿਰਫ਼ ਰਾਜਨੀਤਕ ਇੱਛਾ ਵੱਜੋਂ ਨਹੀਂ ਦੇਖਣਾ ਚਾਹੀਦਾ। ਇਹ ਇੱਕ ਡੂੰਘੀ ਅਸੰਤੁਸ਼ਟਤਾ ਨੂੰ ਦਰਸਾਉਂਦੀ ਹੈ ਜੋ ਸੂਬੇ ਦੇ ਨਾਗਰਿਕ ਮਹਿਸੂਸ ਕਰ ਰਹੇ ਹਨ। ਫੈਡਰਲ ਸਰਕਾਰ ਲਈ ਇਹ ਸੰਕੇਤ ਹੈ ਕਿ ਸੂਬਿਆਂ ਦੀ ਆਵਾਜ਼ ਸੁਣੀ ਜਾਵੇ, ਫੈਡਰਲ ਸੰਬੰਧਾਂ ਨੂੰ ਵਧੀਆ ਬਣਾਇਆ ਜਾਵੇ ਅਤੇ ਨੀਤੀਆਂ ਵਿੱਚ ਸਾਰਥਿਕਤਾ ਲਿਆਈ ਜਾਵੇ। ਜਦੋਂ ਤੱਕ ਇਹ ਸਾਰਥਿਕ ਵਾਰਤਾਲਾਪ ਨਾ ਹੋਵੇ, ਅਲਬਰਟਾ ਵਰਗੇ ਸੂਬਿਆਂ ਦੀਆਂ ਵੱਖ ਹੋਣ ਵਾਲੀਆਂ ਇਛਾਵਾਂ ਵਧਦੀਆਂ ਰਹਿਣਗੀਆਂ , ਭਾਵੇਂ ਉਹ ਅਮਲ ਵਿੱਚ ਲਿਆਂਦੀਆਂ ਜਾਣ ਜਾਂ ਨਾ ਪਰ ਸਿਆਣੇ ਕਹਿੰਦੇ ਹਨ ਕਿ ਕਿਸੇ ਧੁਖਦੀ ਧੂਣੀ ਦੇ ਮਾਮੂਲੀ ਜਿਹੇ ਧੂੰਏ ਨੂੰ ਅਣਗੌਲਿਆਂ ਨਹੀਂ ਕਰਨਾ ਚਾਹੀਦਾ, ਕਿਉਕਿ ਪਤਾ ਨਹੀਂ ਹੁੰਦਾ ਕਿ ਕਦੋਂ ਕੋਈ ਬੇ ਮੌਸਮਾਂ ਹਵਾ ਦਾ ਬੁੱਲਾ ਇਸ ਨੂੰ ਭਾਂਬੜ ਦੇ ਰੂਪ ਵਿੱਚ ਬਦਲ ਜਾਵੇ।

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।
– ਸੰਪਾਦਕ

# ਪੰਜਾਬ ਦੇ ਜ਼ਖਮਾਂ ਦਾ ਹਿਸਾਬ



ਗੁਰਮੀਤ ਸਿੰਘ ਪਲਾਹੀ
-9815802070

ਪੰਜਾਬ ਦੇ ਜ਼ਖ਼ਮਾਂ ਦਾ ਹਿਸਾਬ ਆਖ਼ਿਰ ਕੌਣ ਦੇਵੇਗਾ? ਪੰਜਾਬ ਇਸ ਵੇਲੇ ਉਬਾਲੇ ਖਾ ਰਿਹਾ ਹੈ। ਪੰਜਾਬ ਇਸ ਵੇਲੇ ਤਪਸ਼ ਨਾਲ ਭੁੱਜ ਰਿਹਾ ਹੈ। ਪੰਜਾਬ ਇਸ ਵੇਲੇ ਵੱਡੇ ਕਸ਼ਟ ਹੰਢਾ ਰਿਹਾ ਹੈ। ਪੰਜਾਬ ਦੇ ਇਹਨਾ ਕਸ਼ਟਾਂ ਨੇ ਪੰਜਾਬ ਅਧਮੋਇਆ ਕੀਤਾ ਹੋਇਆ ਹੈ। ਸਮੱਸਿਆਵਾਂ ਵੱਡੀਆਂ ਹਨ, ਜ਼ਖ਼ਮ ਵੱਡੇ ਹਨ, ਮਲ੍ਹਮ-ਪੱਟੀ ਲਾਉਣ ਵਾਲੇ ਗਾਇਬ ਹਨ। ਕਿਥੇ ਤੁਰ ਗਏ ਪੰਜਾਬ ਦੇ ਰਾਖੇ, ਸ਼ੈਲ-ਛਬੀਲੇ ਗੱਭਰੂ, ਮੁਟਿਆਰਾਂ, ਸਿਆਣੇ ਲੋਕ? ਪੰਜਾਬ ਸਿਰਫ਼ ਸਿਆਸਤਦਾਨਾਂ ਹੱਥ ਫੜਾਕੇ!

ਪੰਜਾਬ ਦਾ ਤਾਪਮਾਨ 42 ਡਿਗਰੀ ਸੈਲਸੀਅਸ ਤੋਂ 45 ਡਿਗਰੀ ਸੈਲਸੀਅਸ ਬਣਿਆ ਹੋਇਆ। ਤੱਪ ਰਿਹਾ ਹੈ ਪੰਜਾਬ, ਪੰਜਾਬ ਦੀ ਸਿਆਸਤ ਵਾਂਗਰ। ਰਤਾ ਕੁ ਕਿਸੇ ਪਾਸਿਓਂ ਖੰਗੂਰਾ ਪੈਂਦਾ, ਦੂਜੇ ਪਾਸਿਓਂ ਚੀਕਾਂ, ਬੜਕਾਂ ਪੈਣ ਲੱਗ ਪੈਂਦੀਆਂ ਹਨ। ਆਹ ਵੇਖੋ ਨਾ ਹੁਣੇ ਜਿਹੇ ਪੰਜਾਬ ਜੰਗ ਦੀ ਤਪਸ਼ ਹੰਢਾ ਬੈਠਾ। ਕੁਰੇਦੇ ਗਏ ਹਨ ਜ਼ਖ਼ਮ ਪੰਜਾਬ ਦੇ। ਪੰਜਾਬ ਨੂੰ ਸੰਨ '47 ਯਾਦ ਆਇਆ। ਪੰਜਾਬ ਨੂੰ ਸੰਨ '62, '65, '70 '99 ਯਾਦ ਆਇਆ ਤੇ ਵਿਚ-ਵਿਚਾਲੇ '84 ਨੇ ਉਹਨੂੰ ਬੇਆਰਾਮ ਕੀਤਾ। ਸਿਤਮ ਵੇਖੋ, ਜਿਹੜਾ ਵੀ ਉੱਠਦਾ ਪੰਜਾਬ ਨੂੰ ਦੱਬ ਲੈਂਦਾ, ਕੋਈ ਅੱਖ ਪੰਜਾਬ ਵੱਲ ਕਰ ਲੈਂਦਾ। ਚੰਗੇ ਭਲੇ ਜੀਓ ਰਹੇ ਸਾਂ, ਪੂਰਬੋਂ-ਪੱਛਮੋਂ ਆਉਂਦੀਆਂ ਹਵਾਵਾਂ ਸੀਨਾ ਠਾਰ ਰਹੀਆਂ ਹਨ, ਕਿ ਠਾਹ-ਠੂਹ, ਗੋਲੇ, ਬੰਬ, ਮਿਜ਼ਾਇਲਾਂ ਪੰਜਾਬ 'ਤੇ ਡਿੱਗਣ ਲੱਗੇ। ਕੀ ਕਸੂਰ ਸੀ ਯਾਰੋ ਪੰਜਾਬ ਦੇ ਲੋਕਾਂ ਦਾ? ਕਈ ਰਾਤਾਂ ਜਾਗਦਿਆਂ ਕੱਟੀਆਂ। ਮਣਾਂ ਮੂੰਹੀ ਦਰਦ ਸੀਨੇ ਹੰਢਾਇਆ। ਪ੍ਰਮਾਣੂ ਦੇ ਡਰ ਨੇ ਸੀਨਾ ਤਾਰ-ਤਾਰ ਕੀਤਾ। ਆਖ਼ਰ ਜਿਹੜੇ ਹੁਣੇ-ਹੁਣੇ ਤਾਜ਼ੇ-ਤਾਜ਼ੇ ਜ਼ਖ਼ਮ ਉਸਦੇ ਪਿੰਡੇ 'ਤੇ ਸੀਨੇ 'ਤੇ ਆ ਪਏ ਹਨ ਉਹਦੀ ਜ਼ੁੰਮੇਵਾਰੀ ਕੀਹਦੀ ਆ ਭਾਈ? "ਹਮ ਦੇਸ਼ ਕੇ ਰਖਵਾਲੇ ਹੈਂ, ਹਮ ਤਹਿਸ-ਨਹਿਸ ਕਰ ਦੇਂਗੇ" ਵਾਲਿਆਂ ਦੀ ਜਾਂ ਸਾਡੇ ਆਪਣਿਆਂ ਦੀ, ਜੋ ਮੂੰਹ 'ਚ ਘੁੰਗਣੀਆਂ ਪਾਕੇ ਬੈਠੇ ਰਹਿੰਦੇ ਹਨ, ਤਿਆਰ -ਬਰ-ਤਿਆਰ ਰਹਿੰਦੇ ਹਨ, ਲੋਕਾਂ ਨੂੰ ਝੂਠੇ ਦਲਾਸੇ ਦੇਣ ਲਈ। ਇੱਕ ਮਾਂ ਦਾ ਪੁੱਤ ਮਰ ਗਿਆ, ਸਰਹੱਦ 'ਤੇ ਰਾਖੀ ਕਰਦਿਆਂ, ਉਹਨੂੰ ਦੇ ਦਿਓ ਨਾ ਵਾਪਿਸ ਉਸਦਾ ਪੁੱਤ, ਚਾਰ ਛਿਲੜ ਦੇ ਕੇ ਆਖਦੇ ਹੋ, 'ਜੈ ਜਵਾਨ' ਅਤੇ ਤੁਸੀਂ ਕੀ ਦੇਣਾ ਹੈ, ਚਾਰ ਛਿਲੜ ਦੇ ਦਿਓਗੇ, ਮੂੰਹ ਪਲੋਸ ਦਿਓਗੇ। ਦਿੰਦੇ ਤਾਂ ਤੁਸੀਂ ਉਸਨੂੰ ਵੀ ਕੁਝ ਨਹੀਂ, ਜਿਹੜਾ ਪੂਰੇ ਦੇਸ਼ ਦਾ ਢਿੱਡ ਪਾਲਦਾ, ਆਪਣਾ ਢਿੱਡ ਖਾਲੀ ਰੱਖਦਾ, ਕਰਜ਼ਾਈ ਹੋਇਆ, ਛਤੀਰਾਂ ਨੂੰ ਜੱਫੇ ਜਾ ਪਾਉਂਦਾ। ਜੈ ਕਿਸਾਨ!! ਹੈ ਕਿ ਨਾ!!!

ਐਂਵੇ ਕਈ ਵੇਰ ਦੁੱਖੀ ਹੋ ਕੇ ਪੰਜਾਬ ਬਾਰੇ ਇਹੋ ਜਿਹੇ ਜਜ਼ਬਾਤੀ ਸ਼ਬਦ ਕਲਮ ਲਿਖ ਬਹਿੰਦੀ ਹੈ। ਖ਼ੂਨ ਦੇ ਅੱਥਰੂ ਵਹਾ ਦੇਂਦੀ ਹੈ। ਚਲੋ ਪੰਜਾਬ ਦੇ ਜ਼ਖ਼ਮਾਂ ਦੀ ਕਹਾਣੀ ਲਿਖੀਏ, ਸੁਣੀਏ, ਬੋਲੀਏ। ਦੂਰ ਨਹੀਂ ਜਾਣਾ ਆਪਾਂ! ਬੱਸ ਪੰਜਾਬ ਦੇ ਪਹਿਲੇ ਵੱਡੇ ਜ਼ਖ਼ਮ 1947 ਦੀ ਗੱਲ ਕਰ ਲੈਂਦੇ ਹਾਂ :-

ਭਾਰਤ ਦੀ ਵੰਡ 'ਚ 10 ਲੱਖ ਲੋਕ ਦੰਗਿਆਂ 'ਚ ਮਰੇ, ਕਰੋੜਾਂ ਲੋਕ ਪ੍ਰਭਾਵਤ ਹੋਏ। ਲਗਭਗ 1.46 ਕਰੋੜ ਲੋਕ ਸ਼ਰਨਾਰਥੀ ਬਣੇ। ਔਰਤਾਂ ਦੀ ਇੱਜ਼ਤ ਰੁਲੀ। ਬੱਚਿਆਂ ਦਾ ਬਚਪਨ ਗੁਆਚ ਗਿਆ। ਵੱਢ-ਟੁੱਕ 'ਚ ਲੋਕਾਂ ਦੇ ਇਹੋ ਜਿਹੇ ਅੰਦਰੂਨੀ ਫੱਟ ਲੱਗੇ ਕਿ ਜੀਵਨ ਭਰ ਉਹ ਇਹਨਾ ਫੱਟਾਂ-ਸੱਟਾਂ, ਜ਼ਖ਼ਮਾਂ ਨੂੰ ਭੁੱਲ ਨਹੀਂ ਸਕੇ। ਸਰਹੱਦੀ ਸੂਬਾ ਹੈ ਪੰਜਾਬ। ਇਸਨੂੰ ਗੁਆਂਢੀਆਂ ਨਾਲ ਲੜਾਈ ਦਾ ਵੱਡਾ ਮੁੱਲ ਤਾਰਨਾ ਪਿਆ। ਸੰਨ 1962, 1970, 1999 ਅਤੇ ਫਿਰ 2025 ਦੀ ਜੰਗ ਨੇ ਪੰਜਾਬ 'ਚ ਵੱਡੀ ਤਬਾਹੀ ਮਚਾਈ! ਵੱਡੇ ਜ਼ਖ਼ਮ ਦਿੱਤੇ। ਇਹਨਾ ਸਾਲਾਂ 'ਚ ਪੰਜਾਬ ਨੂੰ 1984 ਦਾ ਦਰਦ ਝੱਲਣਾ ਪਿਆ। ਪੰਜਾਬ ਹਲੂਣਿਆ ਗਿਆ। ਹਰ ਪੰਜਾਬੀ ਦੀ ਰੂਹ ਜ਼ਖ਼ਮੀ ਹੋਈ। ਇਹ ਜ਼ਖ਼ਮ ਵਰ੍ਹਿਆਂ ਤੱਕ ਰਿਸਦੇ ਰਹੇ। ਇਹਨਾ ਜ਼ਖ਼ਮਾਂ ਨੂੰ ਭਰਨ, ਫੈਹੇ ਲਾਉਣ ਲਈ ਕਦੇ ਵੀ ਉਹ ਯਤਨ ਨਹੀਂ ਹੋਏ, ਜਿਹੜੇ ਹੋਣੇ ਜ਼ਰੂਰੀ ਸਨ। ਬੱਸ ਇਹਨਾ 'ਤੇ ਵੀ ਸਿਆਸਤ ਹੋਈ। ਹੁਣ ਤੱਕ 'ਅਦਾਲਤਾਂ' 'ਚ ਕੇਸ ਦਰਜ਼ ਹਨ। ਦੋਸ਼ੀ ਬਾਹਰ ਹਨ। ਕਿੱਢਾ ਦਰਦਨਾਕ ਵਰਤਾਰਾ ਹੈ।

ਇਹ ਵਾਰਤਾ ਤਾਂ ਉਹ ਹੈ, ਜਿਹੜਾ ਪੰਜਾਬੀਆਂ ਅੱਖੀ ਸਬਰ ਕਰਕੇ ਵੇਖੀ, ਸੁਣੀ, ਹੰਢਾਈ। ਪਰ ਕੁਝ ਵਾਰਤਾਵਾਂ ਉਹ ਹਨ, ਜਿਹੜੀਆਂ "ਅਣਹੋਈਆਂ" ਦਿਸਦੀਆਂ ਹਨ। ਜਿਹੜੀ ਪੰਜਾਬੀਆਂ ਦਾ ਸਬਰ ਸੰਤੋਖ ਪਰਖਣ ਲਈ ਉਸਦੇ ਮੱਥੇ ਮੜ੍ਹ ਦਿੱਤੀਆਂ ਗਈਆਂ। ਪੰਜਾਬੀ ਸੂਬਾ ਪੰਜਾਬ ਨੂੰ 'ਬਖ਼ਸ਼' ਦਿੱਤਾ ਗਿਆ, ਰਾਜਧਾਨੀ ਤੋਂ ਬਿਨ੍ਹਾਂ, ਪੰਜਾਬੀ ਬੋਲਦੇ ਇਲਾਕੇ ਜਾਣ-ਬੁੱਝ ਕੇ ਹੋਰ ਸੂਬਿਆਂ 'ਚ ਰਹਿਣ ਦਿੱਤੇ ਗਏ। ਪੰਜਾਬ ਦੇ ਪਾਣੀਆਂ 'ਤੇ ਡਾਕਾ ਮਾਰਿਆ ਗਿਆ। ਬਿਨ੍ਹਾਂ ਹਿੱਸੇ ਤੋਂ ਰਾਜਸਥਾਨ ਨੂੰ ਪਾਣੀ ਦੇ ਦਿੱਤਾ ਗਿਆ। ਅੱਜ ਜਦੋਂ ਪੰਜਾਬ ਪਾਣੀ ਦੀ ਆਪਣੀ ਲੋੜ ਪੂਰੀ ਕਰਨੋਂ ਵੀ ਅਸਮਰਥ ਹੈ, ਉਹਦਾ ਪਾਣੀ ਹਰਿਆਣਾ, ਦਿੱਲੀ ਨੂੰ ਦੇਣ ਲਈ ਕੇਂਦਰ ਪੱਬਾਂ ਭਾਰ ਹੈ। ਬਾਵਜੂਦ ਇਸਦੇ ਕਿ ਪੰਜਾਬ ਵਿਧਾਨ ਸਭਾ 'ਚ ਸਾਰੀਆਂ ਪਾਰਟੀਆਂ ਅਤੇ ਮਤੇ ਪਾਸ ਕਰ ਚੁੱਕੀਆਂ ਹਨ। ਪਰ ਉਸਦੀ ਸੁਣਦਾ ਕੋਈ ਨਹੀਂ। ਅਦਾਲਤਾਂ 'ਚ ਪੰਜਾਬ ਧੱਕੇ ਖਾ ਰਿਹਾ ਹੈ, ਆਪਣਾ ਹੱਕ ਪ੍ਰਾਪਤ ਕਰਨ ਲਈ। ਇਸ ਕਿਸਮ ਦੀ ਬੇਇਨਸਾਫੀ-ਦਰ-ਬੇਇਨਸਾਫ਼ੀ ਪੰਜਾਬ ਵਰ੍ਹਿਆਂ ਤੋਂ ਭੁਗਤ ਰਿਹਾ ਹੈ। ਰਾਜ ਭਾਵੇਂ ਉਪਰ ਕਾਂਗਰਸ ਦਾ ਰਿਹਾ ਜਾਂ ਫਿਰ ਹੁਣ ਵਾਲੀ ਭਾਜਪਾ ਦਾ, ਇਹਨਾ ਲਈ ਤਾਂ ਪੰਜਾਬ ਦੁਪਰਿਆਰਾ ਰਿਹਾ! ਜੇਕਰ ਇੰਜ ਨਾ ਹੁੰਦਾ ਤਾਂ ਕਿਸਾਨ ਜਿਹਨਾ ਆਪਣੇ ਜ਼ਮੀਨ 'ਤੋਂ ਸਿਰਿਆਂ ਤੱਕ ਪਾਣੀ ਕੱਢਦੇ ਪੂਰੇ ਦੇਸ਼ ਦਾ ਢਿੱਡ ਭਰਿਆ ਤੇ ਭਰ ਰਿਹਾ ਹੈ, ਉਹਨੂੰ ਸਾਲ ਭਰ ਤੋਂ ਵੱਧ ਸਮਾਂ ਆਪਣੀ ਜ਼ਮੀਨ ਬਚਾਉਣ ਲਈ ਵੱਡਾ ਸੰਘਰਸ਼ ਕਿਉਂ ਕਰਨਾ ਪੈਂਦਾ? ਹਰੇ ਇਨਕਲਾਬ ਨੇ ਪੰਜਾਬ 'ਚ ਹਰਿਆਲੀ ਲਿਆਂਦੀ, ਪਰ ਇਹ ਹਰਿਆਲੀ ਦੇਸ਼ ਦੀ ਹਰਿਆਲੀ ਤਾਂ ਬਣੀ ਪਰ ਪੰਜਾਬ ਦੀ ਧਰਤੀ ਅਧਮੋਈ ਕਰ ਗਈ, ਸਰੀਰ ਨੂੰ ਲੱਗੇ ਨਸ਼ਿਆਂ ਵਾਂਗਰ ਧਰਤੀ ਖਾਦਾਂ, ਦਵਾਈਆਂ 'ਤੇ ਲੱਗ ਗਈ ਅਤੇ ਅੱਜ ਪਾਣੀ ਦੀ ਥੁੜੋਂ ਕਾਰਨ ਮਾਰੂਥਲ ਹੋਣ ਵੱਲ ਵੱਧ ਰਹੀ ਹੈ। ਇੱਕ ਰਿਪੋਰਟ ਕਹਿੰਦੀ ਹੈ ਕਿ ਪੰਜਾਬ ਦੇ 136 ਬਲਾਕਾਂ ਵਿਚੋਂ 125 ਬਲਾਕਾਂ ਵਿੱਚ ਧਰਤੀ ਹੇਠਲਾ ਪਾਣੀ ਹਰ ਸਾਲ ਪਹੁੰਚ ਤੋਂ ਬਾਹਰ ਹੋ ਰਿਹਾ ਹੈ। ਇਹ ਵੱਡਾ ਜ਼ਖ਼ਮ ਆਖ਼ਿਰ ਪੰਜਾਬ ਸਹਿਣ ਕਿਵੇਂ ਕਰੇਗਾ? ਜਿਹੜਾ ਪਹਿਲਾਂ ਹੀ ਕਿਸਾਨਾਂ ਨੂੰ ਖੁਦਕੁਸ਼ੀਆਂ, ਕਰਜ਼ੇ ਵੱਲ ਅੱਗੇ ਵਧਾ ਰਿਹਾ ਹੈ ਅਤੇ ਖੇਤੀ ਛੱਡਣ ਲਈ ਮਜ਼ਬੂਰ ਕਰ ਰਿਹਾ ਹੈ।

ਪੰਜਾਬ ਦੀ ਉਪਜਾਊ ਧਰਤੀ ਦਾ ਸੀਨਾ ਪਾੜਕੇ ਜਿਵੇਂ ਪੰਜਾਬ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਵੱਡੀਆਂ ਸੜਕਾਂ ਦਾ ਜਾਲ ਕਾਰਪੋਰੇਟਾਂ ਨੂੰ ਖੁਸ਼ ਕਰਨ ਲਈ ਵਿਛਾਇਆ ਜਾ ਰਿਹਾ ਹੈ, ਉਸ ਨਾਲ ਕਾਰਪੋਰੇਟ ਤਾਂ ਬੁਲ੍ਹੇ ਲੁਟਣਗੇ, ਮਾਲ ਇਧਰ-ਉਧਰ ਲੈ ਜਾਣ ਕਰਨ ਲਈ, ਪਰ ਪੰਜਾਬੀਆਂ ਪੱਲੇ ਕੀ ਪਏਗਾ? ਉਜਾੜਾ? ਇੱਕ ਹੋਰ ਜ਼ਖ਼ਮ, ਉਸ ਧਰਤੀ ਨੂੰ ਖੋਹਣ ਦਾ ਜਿਸ ਨਾਲ ਉਸਨੂੰ ਅੰਤਾਂ ਦਾ ਪਿਆਰ ਹੈ, ਜਿਸਦੇ ਇੱਕ ਬੰਨੇ ਨੂੰ ਖੋਹਣ ਲਈ ਲੜਨ ਖ਼ਾਤਰ ਉਹ ਮਰਨ-ਮਾਰਨ 'ਤੇ ਹੋ ਤੁਰਦਾ ਹੈ। ਬਣਦੀਆਂ ਸੜਕਾਂ ਦੇ ਇਸ ਜਾਲ ਨਾਲ ਪੰਜਾਬ ਇੱਕ ਰਿਪੋਰਟ ਅਨੁਸਾਰ ਲਗਭਗ ਇੱਕ ਤਿਹਾਈ ਉਪਜਾਊ ਧਰਤੀ ਗੁਆ ਬੈਠੇਗਾ। ਕਿਸਾਨ, ਖੇਤ ਮਜ਼ਦੂਰ ਜਿਹਨਾ ਲਗਾਤਾਰ ਉਜਾੜਾ ਵੇਖਿਆ, ਇਹ ਹੋਰ ਉਜਾੜਾ ਵੇਖ ਰਹੇ ਹਨ।

ਪੰਜਾਬ ਨੂੰ ਉਜਾੜਾ ਤਾਂ ਉਦੋਂ ਵੀ ਵੇਖਣਾ ਪੈ ਰਿਹਾ ਹੈ, ਜਦੋਂ ਪੰਜਾਬ 'ਚੋਂ ਬਰੇਨ ਡਰੇਨ ਅਤੇ ਮਨੀ (ਦਿਮਾਗ ਅਤੇ ਦੌਲਤ) ਡਰੇਨ (ਬਾਹਰ) ਹੋ ਰਹੀ ਹੈ। ਲੱਖਾਂ ਪੰਜਾਬੀ ਮੁੰਡੇ ਕਾਨੂੰਨ ਵਿਵਸਥਾ ਅਤੇ ਬੇਰੁਜ਼ਗਾਰੀ ਦੀ ਮਾਰ ਝਲਦਿਆਂ ਪੰਜਾਬੋਂ ਤੁਰ ਗਏ ਹਨ ਜਾਂ ਤੁਰੇ ਜਾ ਰਹੇ ਹਨ। ਹੈ ਕੋਈ ਉਹਨਾ ਦੇ ਦਰਦ ਦਾ ਪਾਰਖੂ ? ਹੈ ਕੋਈ ਉਹਨਾ ਨੂੰ ਰੋਕਣ ਦੇ ਯਤਨ ਕਰਨ ਵਾਲਾ? ਸਿਆਸਤ ਹੋ ਰਹੀ ਹੈ। ਬੱਸ ਉਹਨਾ ਨੂੰ ਪੁਚਕਾਰਿਆ ਜਾ ਰਿਹਾ ਹੈ। ਪੰਜਾਬ ਤਪਸ਼ ਹੇਠ ਹੈ। ਨਸ਼ਿਆਂ ਦੇ ਦਰਿਆ ਨੇ ਜਵਾਨੀ ਖਾ ਲਈ, ਕੀ ਇਹ ਕੋਈ ਸਾਜ਼ਿਸ਼ ਨਹੀਂ? ਪੰਜਾਬੀ ਸੂਰਬੀਰਾਂ, ਯੋਧਿਆਂ, ਸੋਚਵਾਨਾਂ ਦੀ ਧਰਤੀ ਖਾਲੀ ਕਰਨ ਦੀ ਸਾਜ਼ਿਸ਼? ਕਿੰਨੇ ਕੁ ਜ਼ਖ਼ਮ ਸਹਿ ਸਕੇਗਾ ਪੰਜਾਬ? ਨਿੱਤ-ਦਿਹਾੜੇ ਮੁਹਿੰਮਾਂ ਹਨ। ਪੰਜਾਬ ਦੀ ਧਰਤੀ ਕੁਰਲਾ ਰਹੀ ਹੈ, ਪੰਜਾਬ ਦੀ ਧਰਤੀ ਹੁਣ ਗਾ ਨਹੀਂ ਰਹੀ। ਉਹ ਰੰਗ ਜਿਹੜੇ ਪੰਜਾਬ ਦੇ ਨਿਵੇਕਲੇ ਹਨ। ਉਹ ਰੰਗ ਜਿਹਨਾ ਕਾਰਨ ਪੰਜਾਬ ਨਵੀਆਂ ਪੈੜਾ ਪਾਉਂਦਾ ਰਿਹਾ ਹੈ। ਉਹ ਪੰਜਾਬ ਜਿਹੜਾ "ਜੀਊਂਦਾ ਗੁਰਾਂ ਦੇ ਨਾ 'ਤੇ" ਉਹ ਕਿਧਰ ਤੋਰਿਆ ਜਾ ਰਿਹਾ ਹੈ। ਉਹਨਾ ਅਣ ਦਿਸਦੇ ਰਾਹਾਂ 'ਤੇ ਜਿਥੋਂ ਮੋੜਾ ਕੋਈ ਨਹੀਂ। ਜਿਥੇ ਉਜਾੜਾ ਹੈ। ਜਿਥੇ ਰੌਣਕਾਂ ਨਹੀਂ, ਸਿਆਪਾ ਹੈ। ਪੰਜਾਬ ਦਾ ਕਿਹੜਾ ਪਿੰਡ ਰਹਿ ਗਿਆ, ਜਿਸਦੇ ਵਿੱਚ ਵੱਡੀ ਗਿਣਤੀ ਘਰਾਂ ਦੇ ਦਰਵਾਜੇ ਵੱਡੇ "ਤਾਲਿਆਂ" ਨਾਲ ਬੰਦ ਨਹੀਂ, ਜਿਥੇ ਖੂਹਾਂ 'ਤੇ ਰੌਣਕਾਂ ਸਨ, ਸੱਥਾਂ ਬਜ਼ੁਰਗਾਂ ਨਾਲ ਭਰੀਆਂ ਸਨ, ਜਿਥੇ ਫ਼ੈਸਲੇ ਪਰਿਆਂ 'ਚ ਹੁੰਦੇ ਸਨ, ਜਿਥੇ ਲੋਕ ਜੁੜਦੇ ਸਨ, ਦੁੱਖ-ਸੁੱਖ ਕਰਦੇ ਸਨ। ਹੁਣ ਤਾਂ ਪੰਜਾਬ ਦੀ ਨੀਂਹ, ਪੰਜਾਬ ਦਾ ਪਿੰਡ ਹੀ ਮਨਫ਼ੀ ਕਰ ਦਿੱਤਾ ਗਿਆ ਹੈ।

ਪੰਜਾਬ ਦੇ ਜ਼ਖ਼ਮਾਂ ਦੀ ਬਾਤ ਪ੍ਰਦੇਸ਼ ਵਸਦੇ ਪੁੱਤਰ, ਧੀਆਂ ਦਾ ਮਾਂ-ਬਾਪ ਖੁਸ਼ੀਆਂ ਦੇ ਉਜੜੇ ਘਰ ਤੋਂ ਪਾਉਂਦਾ ਹੈ। ਪੱਗ ਦੇ ਲੜ ਨਾਲ ਅੱਖਾਂ ਪੂੰਝ ਪਿਓ ਡੁਸਕਦਾ ਹੈ, ਮਾਂ ਰੋ-ਰੋ ਅੱਖਾਂ ਚੁੰਨੀਆਂ ਕਰਦੀ ਹੈ। ਪ੍ਰਦੇਸ਼ ਗਏ ਪੁੱਤ, ਧੀ ਦਾ ਦਰਦ ਵੀ ਪੰਜਾਬ ਲਈ ਵੱਡਾ ਹੈ, ਤੇ ਸਰਹੱਦ ਗਏ ਪੁੱਤਾਂ ਦਾ ਵੀ। ਪੰਜਾਬ ਲਈ '47 ਦੇ ਉਜਾੜੇ ਦਾ ਦਰਦ ਵੀ ਓਡਾ ਹੀ ਹੈ, ਜਿੱਡਾ '84 ਦਾ, '65, '70, '99, '25 ਦੀ ਜੰਗ ਦਾ। ਜਦੋਂ ਉਸਦੇ ਜਾਇਆਂ ਦਾ ਦਰਦ ਉਛਲਦਾ ਹੈ। ਉਹਦਾ ਖ਼ੂਨ ਖੌਲਦਾ ਹੈ। ਉਬਾਲੇ ਮਾਰਦਾ ਹੈ। ਪਰ ਉਹਦੀਆਂ ਰਗਾਂ 'ਚ ਭਰਿਆ ਜਾ ਰਿਹਾ ਜ਼ਹਿਰ, ਉਹਦੇ ਖੋਹੇ ਜਾ ਰਹੇ ਹੱਕ , ਕਲੇਜਾ ਧੂ ਲੈਂਦੇ ਹਨ, ਉਹ ਜੀਊਂਦਾ ਵੀ ਮਰਿਆ-ਮਰਿਆ ਮਹਿਸੂਸਦਾ ਹੈ। ਹੈ ਕੋਈ ਦਵਾਈ ਦੀ ਖ਼ੁਰਾਕ, ਜੋ ਉਸਦੇ ਪਿੰਡੇ ਦੇ ਦਰਦ ਨੂੰ ਹਟਾ, ਘਟਾ ਸਕੇ, ਉਹਦੀਆਂ ਚੀਸਾਂ ਦਾ ਨਿਵਾਰਨ ਕਰ ਸਕੇ। "ਮਿੱਠੀਆਂ ਗੋਲੀਆਂ" ਦੇਣ ਵਾਲੇ ਸਿਆਸਤਦਾਨ ਆਖ਼ਰ ਉਹਦੇ ਜ਼ਖ਼ਮਾਂ ਦੀ ਸਾਰ ਕਿਉਂ ਨਹੀਂ ਲੈਂਦੇ? ਰਿਸਦੇ ਜ਼ਖ਼ਮਾਂ 'ਤੇ "ਫੂਕਾਂ" ਕਿਉਂ ਨਹੀਂ ਮਾਰਦੇ? ਕਿਉਂ ਕਦੇ ਚੁੱਪ ਕਰਕੇ ਅਤੇ ਕਦੇ ਵੱਡੀਆਂ ਟਾਹਰਾਂ ਮਾਰਕੇ ਆਪਣੀ ਕੁਰਸੀ ਦੀਆਂ ਚਾਰੇ ਟੰਗਾਂ ਬਚਾਉਣ ਦੇ ਆਹਰ 'ਚ ਲੱਗੇ ਹੋਏ ਹਨ। ਐ ਪੰਜਾਬ। ਉੱਠ! ਸਮਝ! ਹੰਭਲਾ ਮਾਰ! ਜ਼ਖ਼ਮ ਤੇਰੇ ਲਈ ਨਵੇਂ ਨਹੀਂ! ਤੂੰ ਸਭ ਕੁਝ ਸਹਿੰਦਾ, ਲੜਦਾ, ਮੁੜ ਨਵਾਂ ਨਰੋਆ ਰੰਗਲਾ ਪੰਜਾਬ ਬਣਦਾ ਰਿਹਾ ਹੈਂ। ਐ ਪੰਜਾਬ ! ਕਰਾਂ ਕੀ ਸਿਫ਼ਤ ਤੇਰੀ, ਤੇਰੇ ਜਿਹਾ ਕੋਈ ਹੋਰ ਨਾ! ਵੱਢਿਆ-ਟੁੱਕਿਆ ਤੂੰ ਮੁੜ ਸੁਰਜੀਤ ਹੁੰਦਾ ਰਿਹੈਂ! ਹੁਣ ਵੀ ਹੋਵੇਂਗਾ।

"ਤੂੰ ਉੱਠ ਜਗਾ
ਦੇ ਮੋਮਬੱਤੀਆਂ,
ਇਹ ਤਾਂ ਏਥੇ ਵਗਦੀਆਂ
ਹੀ ਰਹਿਣੀਆਂ ਹਵਾਵਾਂ
ਕੁਪੱਤੀਆਂ,
ਉੱਠ ਜਗਾ ਦੇ ਮੋਮਬੱਤੀਆਂ।"
- (**ਸੁਰਜੀਤ ਪਾਤਰ**)




ਇਹ ਕਾਲਮ ਨਿਰੋਲ ਕਲਪਨਾ 'ਤੇ ਅਧਾਰਿਤ ਹੈ ਅਤੇ ਇਸ ਦਾ ਕਿਸੇ ਵੀ ਜਿਉਂਦੇ-ਜਾਗਦੇ ਵਿਅਕਤੀ ਨਾਲ ਕੋਈ ਸਿੱਧਾ ਜਾਂ ਅਸਿੱਧਾ ਸਬੰਧ ਨਹੀਂ ਹੈ। ਇਸ ਵਿਚਲੇ ਵਿਚਾਰ ਲੇਖਕ ਦੇ ਹਨ ਤੇ ਅਦਾਰਾ 'ਪੰਜਾਬੀ ਅਖ਼ਬਾਰ' ਇਹਨਾਂ ਵਿਚਾਰਾਂ ਦਾ ਵਿਰੋਧ ਜਾਂ ਇਹਨਾਂ ਦੀ ਪ੍ਰੋੜਤਾ ਨਹੀਂ ਕਰਦਾ ਹੈ।
-ਸੰਪਾਦਕ

# ਧੀਦੋ ਰਾਂਝੇ ਦੀ ਚਿੱਠੀ ਰਿਸ਼ੀ ਨਾਗਰ ਦੇ ਨਾਮ

## ਲਿਖਤੁਮ ਧੀਦੋ ਰਾਂਝਾ

**ਸੁਣਿਆ ਹੈ ਕਿ ਧੀਦੋ ਰਾਂਝੇ ਦਾ ਜਨਮ 1397 ਈਸਵੀ ਵਿੱਚ ਝਨਾਅ ਜਾਂ ਚੇਨਾਬ ਨਦੀ ਦੇ ਕੰਢੇ ਸਥਿਤ ਪਿੰਡ ਤਖ਼ਤ ਹਜ਼ਾਰਾ ਦੇ ਰਾਂਝਾ ਜਾਤ ਦੇ ਇੱਕ ਜੱਟ ਪਰਵਾਰ ਵਿੱਚ ਹੋਇਆ ਸੀ। ਰਾਂਝਾ ਚਾਰ ਭਰਾਵਾਂ ਵਿੱਚੋਂ ਸਭ ਤੋਂ ਛੋਟਾ ਸੀ। ਉਹ ਸਿਧਰਾ ਜਿਹਾ ਹੋਣ ਕਰਕੇ ਆਪਣੇ ਪਿਤਾ ਦਾ ਲਾਡਲਾ ਸੀ, ਇਸ ਲਈ ਜਿੱਥੇ ਉਸਦੇ ਭਰਾ ਖੇਤਾਂ ਵਿੱਚ ਮਿਹਨਤ ਕਰਦੇ ਸਨ, ਰਾਂਝਾ ਵੰਝਲੀ ਵਜਾਉਂਦਾ ਰਹਿੰਦਾ, ਐਸ਼ ਕਰਦਾ। ਬਾਪ ਦੀ ਮੌਤ ਦੇ ਬਾਅਦ ਉਸਦੇ ਭਰਾਵਾਂ ਨੇ ਭ੍ਰਿਸ਼ਟ ਤਰੀਕੇ ਵਰਤ ਕੇ ਉਸ ਨੂੰ ਮਾੜੀ ਜ਼ਮੀਨ ਵੰਡ ਵਿੱਚ ਦੇ ਦਿੱਤੀ ਅਤੇ ਉਸ ਦੀਆਂ ਭਾਬੀਆਂ ਨੇ ਉਸਨੂੰ ਖਾਣਾ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਤਾਹਨੇ ਮਿਹਣੇ ਦੇ ਕੇ ਪਰੇਸ਼ਾਨ ਕਰਨ ਲੱਗੀਆਂ। ਉਹ ਘਰ ਛੱਡ ਕੇ ਨਿੱਕਲ ਗਿਆ ਅਤੇ ਹੀਰ ਦੇ ਪਿੰਡ ਪਹੁੰਚ ਗਿਆ। ਹੀਰ ਨੇ ਉਸ ਨੂੰ ਆਪਣੇ ਪਿਤਾ ਦਾ ਚੌਣਾ ਚਰਾਉਣ ਦੇ ਕੰਮ ਤੇ ਲੁਆ ਦਿੱਤਾ। ਰਾਂਝੇ ਦੀ ਵੰਝਲੀ ਸੁਣਕੇ ਉਹ ਰਾਂਝੇ 'ਤੇ ਮੋਹਿਤ ਹੋ ਗਈ। ਉਹ ਇੱਕ ਦੂਜੇ ਨੂੰ ਬੇਲੇ ਵਿੱਚ ਮਿਲਣ ਲੱਗੇ। ਹੀਰ ਦੇ ਈਰਖਾਲੂ ਚਾਚਾ, ਕੈਦੋਂ ਨੇ ਹੀਰ ਦੇ ਮਾਪਿਆਂ ਨੂੰ ਉਸ ਦੇ ਖਿਲਾਫ਼ ਭੜਕਾ ਦਿੱਤਾ ਅਤੇ ਉਸਦੇ ਮਾਪਿਆਂ ਨੇ ਹੀਰ ਨੂੰ ਖੇੜਿਆਂ ਦੇ ਸੈਦੇ ਨਾਲ ਵਿਆਹ ਦਿੱਤਾ। ਰਾਂਝੇ ਦਾ ਦਿਲ ਟੁੱਟ ਗਿਆ ਅਤੇ ਉਹ ਜੋਗੀ ਬਣਨ ਲਈ ਗੋਰਖਨਾਥ ਦੇ ਡੇਰੇ, ਟਿੱਲਾ ਜੋਗੀਆਂ ਵਿਖੇ ਚਲਿਆ ਗਿਆ ਅਤੇ ਕੰਨ ਵਿੰਨ੍ਹਵਾ ਕੇ ਜੋਗੀ ਬਣ ਹੀਰ ਨੂੰ ਜਾ ਮਿਲਿਆ। ਫਿਰ ਹੀਰ - ਰਾਂਝਾ ਦੋਨੋਂ ਝੰਗ ਆ ਗਏ ਤੇ ਹੀਰ ਦੇ ਮਾਂ ਬਾਪ ਉਨ੍ਹਾਂ ਦਾ ਵਿਆਹ ਕਰਨ ਨੂੰ ਤਿਆਰ ਹੋ ਗਏ ਪਰ ਕੈਦੋਂ ਨੇ ਵਿਆਹ ਦੇ ਦਿਨ ਹੀਰ ਦੇ ਖਾਣੇ ਵਿੱਚ ਜ਼ਹਿਰ ਪਾ ਦਿੱਤਾ। ਇਹ ਖ਼ਬਰ ਸੁਣ ਕੇ ਰਾਂਝਾ ਉਸਨੂੰ ਬਚਾਉਣ ਲਈ ਭੱਜਿਆ ਅਤੇ ਹੀਰ ਨੂੰ ਬੇਹੱਦ ਦੁੱਖੀ ਦੇਖ ਕੇ ਉਹੀ ਜ਼ਹਿਰੀਲਾ ਲੱਡੂ ਖਾ ਗਿਆ ਅਤੇ ਇਸ ਤਰ੍ਹਾਂ ਉਸ ਦੀ ਮੌਤ ਹੋ ਗਈ। ਦੋਵਾਂ ਨੂੰ ਝੰਗ ਵਿੱਚ ਹੀ ਦਫਨਾ ਦਿੱਤਾ ਗਿਆ। ਹੁਣ ਉਸ ਨਾਕਾਮਯਾਬ ਆਸ਼ਿਕ, ਰਾਂਝੇ ਦੀ ਚਿੱਠੀ ਆਈ ਹੈ।**

ਪਿਆਰੇ ਰਿਸ਼ੀ,

ਮੈਨੂੰ ਪਤਾ ਲੱਗਿਐ ਕਿ ਤੂੰ ਇੰਡੀਆ ਤੋਂ ਕੈਨੇਡਾ ਚਲਿਆ ਗਿਐਂ ਤੇ ਉੱਥੇ ਰੇਡੀਓ 'ਤੇ ਕੰਮ ਕਰਨ ਲੱਗ ਪਿਐਂ। ਮੈਨੂੰ ਇਧਰ ਆਇਆਂ ਨੂੰ ਹੁਣ ਤਾਂ ਸਦੀਆਂ ਬੀਤ ਗਈਆਂ ਨੇ ਤੇ ਹੁਣ ਮੈਂ ਕਾਫੀ ਬੁੱਢਾ ਵੀ ਹੋ ਗਿਐਂ। ਤੇਰੀ ਆਂਟੀ, ਹੀਰ ਹੀ ਮੇਰੇ ਨਾਲ ਹੁੰਦੀ ਐ ਤੇ ਉਹ ਹੀ ਮੇਰੀ ਜਿੰਦ ਜਾਨ ਐ। ਜਾਨ ਤੇ ਜਿੰਦ - ਦੋਵੇਂ ਐ ਤੇਰੀ ਆਂਟੀ! ਤੇਰੇ ਸਕੂਲ ਵਿੱਚ ਤੈਨੂੰ ਹਿੰਦੀ ਪੜ੍ਹਾਉਂਦੀ ਟੀਚਰ ਸੱਤਿਆ ਭੈਣ ਜੀ ਨੂੰ ਪਿਛਲੇ ਮਹੀਨੇ ਤੇਰੀ ਆਂਟੀ ਮਿਲੀ ਸੀ। ਗੱਲਾਂ ਗੱਲਾਂ ਵਿੱਚ ਪਤਾ ਲੱਗਿਆ ਕਿ ਤੂੰ ਸਕੂਲ ਦੇ ਦਿਨਾਂ ਵਿੱਚ ਵਾਰਿਸ ਸ਼ਾਹ ਦਾ ਲਿਖਿਆ ਸਾਡਾ ਕਿੱਸਾ ਮੂੰਹ ਜ਼ੁਬਾਨੀ ਰਟੀ ਫਿਰਦਾ ਹੁੰਦਾ ਸੀ। ਮੈਨੂੰ ਬੜੀ ਖੁਸ਼ੀ ਹੋਈ।

ਕਈ ਕਵੀਆਂ, ਕਹਾਣੀਕਾਰਾਂ ਤੇ ਸ਼ਾਇਰਾਂ ਨੇ ਮੈਨੂੰ ਤੇ ਤੇਰੀ ਆਂਟੀ ਹੀਰ ਨੂੰ ਲੈ ਕੇ ਸੈਂਕੜੇ ਕਿੱਸੇ, ਕਵਿਤਾਵਾਂ, ਸ਼ੇਅਰ, ਕਹਾਣੀਆਂ ਲਿਖ ਮਾਰੇ ਤੇ ਦਰਜਨਾਂ ਫਿਲਮਾਂ ਵੀ ਬਣ ਗਈਆਂ। ਲੋਕ ਸਾਡੀਆਂ ਕਹਾਣੀਆਂ ਰਚ ਕੇ ਮਸ਼ਹੂਰ, ਮਹਾਨ ਤੇ ਅਮਰ ਹੋ ਗਏ ਤੇ ਸਾਡਾ ਜਲੂਸ ਕੱਢੀ ਤੁਰੇ ਗਏ। ਤੇਰੀ ਆਂਟੀ ਤਾਂ ਬੇਚਾਰੀ ਇਧਰ ਸਾਰਾ ਦਿਨ ਹੁਡੀ ਹੇਠ ਕਾਲੀਆਂ ਐਨਕਾਂ ਲਾ ਕੇ ਰੱਖਦੀ ਐ ਤਾਂ ਕਿ ਕੋਈ ਪਛਾਣ ਨਾ ਲਵੇ। ਹੁਣ ਵੈਸੇ ਉਹ ਵੌਕਰ ਨਾਲ ਤੁਰਦੀ ਐ ਤੇ ਨਾਲ ਇੱਕ ਐਸਿਸਟੈਂਟ ਵੀ ਰੱਖਦੀ ਐ।

ਮੇਰਾ ਸਹੁਰਾ, ਚੂਚਕ ਤੇ ਸੱਸ, ਮਲਕੀ ਹੁਰੀਂ ਹੁਣ ਮੇਰੇ ਨਾਲ ਇਧਰ ਆ ਕੇ ਠੀਕ ਵਰਤਾਅ ਕਰਦੇ ਐ ਤੇ ਰਹਿੰਦੇ ਵੀ ਸਾਡੇ ਨਾਲ ਈ ਐ। ਪਰ ਲੰਗਾ ਤੇ ਕੋੜਾ, ਮੇਰਾ ਚਾਚਾ ਸਹੁਰਾ, ਕੈਦੋਂ ਸੂਤ ਨਹੀਂ ਆ ਰਿਹਾ, ਉਹ ਉਸੇ ਤਰ੍ਹਾਂ ਘਤਿੱਤੀਆਂ ਜਿਹੀਆਂ ਕਰੀ ਜਾਂਦਾ ਰਹਿੰਦੈ। ਉਹ ਜਿੰਨਾ ਕਮੀਨਾ ਜਿਉਂਦੇ ਜੀਅ ਹੁੰਦਾ ਸੀ, ਉਨਾ ਈ ਕਮੀਨਾ ਹੁਣ ਵੀ ਐ। ਲਾਹਨਤੀ ਲੰਗਾ ਕਿਸੇ ਥਾਂ ਦਾ! ਅਸੀਂ ਉਹਨੂੰ ਵੱਖਰਾ ਕੀਤਾ ਹੋਇਐ ਤੇ ਉਹ 'ਕੱਲਾ ਈ ਰਹਿੰਦੈ! ਉਹਦੀ ਘਰ ਵਾਲੀ, ਸਾਡੀ ਚਾਚੀ, ਇਧਰ ਆ ਕੇ ਵੀ ਉਹਨੂੰ ਛੱਡ ਕੇ ਚਲੀ ਗਈ ਐ ਸਦਾ ਵਾਸਤੇ!

ਦਰਅਸਲ ਮੈਂ ਤੁਹਾਡੀ ਸਿਆਸਤ ਵੱਲ ਬਹੁਤ ਤਿੱਖੀ ਨਜ਼ਰ ਤੇ ਨੀਝ ਲਾ ਕੇ ਵੇਖ ਰਿਹਾਂ ਤੇ ਭਾਰਤ, ਪਾਕਿਸਤਾਨ ਤੇ ਕੈਨੇਡਾ ਦੇ ਸਿਆਸੀ ਹਾਲਾਤ ਇੱਕੋ ਜਿਹੇ ਬਣੇ ਹੋਏ ਹਨ। ਭਾਰਤ ਤੇ ਪਾਕਿਸਤਾਨ ਆਪੋ ਵਿੱਚੀ ਸਿੰਗ ਫਸਾਈ ਬੈਠੇ ਨੇ ਤੇ ਤੁਹਾਡਾ ਮੁਲਕ ਕੈਨੇਡਾ, ਆਪਣੇ ਗੁਆਂਢੀ ਅਮੈਰਿਕਾ ਨਾਲ ਕੈਂਚੀ ਪਾਈ ਬੈਠਾ ਹੈ। ਕਿੱਸੇ ਪੜ੍ਹ-ਪੜ੍ਹ ਕੇ ਹੁਣ ਮੈਂ ਵੀ ਸੀਨੀਅਰ ਜਰਨਲਿਸਟ ਬਣ ਗਿਆ ਵਾਂ ਤੇ ਐਨੈਲੇਸਿਸ ਕਰਨਾ ਵੀ ਸਿੱਖ ਗਿਆ ਵਾਂ। ਲੋਕਾਂ ਨੂੰ ਹੀਰ-ਰਾਂਝੇ ਦੇ ਕਿੱਸੇ ਦੀ ਕਹਾਣੀ ਬਹੁਤ ਚੇਤੇ ਐ ਤੇ ਮੈਂ ਵੀ ਉਸੇ ਤਰਜ਼ ਵਿੱਚ ਦੱਸਣ ਦੀ ਕੋਸ਼ਿਸ਼ ਕਰਾਂਗਾ। ਦੇਖੋ, ਬਰਖੁਰਦਾਰ! ਕੁਰਸੀ ਨੂੰ ਮੰਨ ਲਉ ਆਪਣੀ ਆਂਟੀ, ਮਤਲਬ ਕਿ ਹੀਰ! ਜਿਹੜਾ ਉਹਨੂੰ ਹਾਸਲ ਕਰਨਾ ਚਾਹੁੰਦੈ, ਉਹ ਹੋ ਗਿਆ ਮੈਂ, ਰਾਂਝਾ। ਚਾਚੇ ਕੈਦੋਂ ਦੇ ਬੇਸ਼ੁਮਾਰ ਰੂਪ ਤੁਰੇ ਫਿਰਦੇ ਨੇ ਏਥੇ। ਕੈਦੋਂ ਜਿਵੇਂ ਨਹੀਂ ਸੀ ਚਾਹੁੰਦਾ ਕਿ ਤੇਰੀ ਆਂਟੀ ਤੇ ਮੈਂ ਕਦੀ ਮਿਲੀਏ ਜਾਂ ਸਾਡਾ ਕਦੀ ਰਿਸ਼ਤਾ ਹੋਵੇ, ਉਵੇਂ ਈ ਤੁਹਾਡੇ ਮੁਲਕ ਵਿੱਚ ਇੱਕ ਨਹੀਂ, ਬਲਕਿ ਕਈ ਕੈਦੋਂ ਭੱਜੇ ਫਿਰਦੇ ਐ ਜਿਹਨਾਂ ਦੀ ਕੋਸ਼ਿਸ਼ ਐ ਕਿ ਹੀਰ ਤੇ ਰਾਂਝਾ, ਮਤਲਬ ਕਿ ਸੱਤਾ ਦੀ ਕੁਰਸੀ ਤੇ ਪਾਰਟੀ ਲੀਡਰ ਇਕੱਠੇ ਨਾ ਹੀ ਹੋਣ। ਤੇਰੀ ਆਂਟੀ ਦਾ ਤਾਂ ਮੋਢਾ ਨਿੱਕਲ ਗਿਐ, ਇਸੇ ਖਿੱਚ੍ਹ-ਧੂਹ ਵਿੱਚ।

ਲਿਬਰਲਾਂ ਦਾ ਮਾਰਕ ਕਾਰਨੀ ਇੱਕ ਰਾਂਝਾ। ਪੀਅਰ ਪੌਇਲਿਐਵ, ਦੂਜਾ ਰਾਂਝਾ। ਦੋਵਾਂ ਦੀ ਨਜ਼ਰ ਤੇਰੀ ਆਂਟੀ 'ਤੇ...ਅ...ਅ...ਅ...ਮੇਰਾ ਮਤਲਬ ਐ ਕਿ ਸੱਤਾ ਦੇ ਸਿਖ਼ਰ ਵਾਲੀ ਕੁਰਸੀ 'ਤੇ। ਕੈਦੋਂ ਐਤਕੀਂ ਦੱਸ ਫਿਰ ਕੌਣ ਬਣਿਆ ਭਲਾ? ਲਿਬਰਲਾਂ ਵਾਸਤੇ ਕੈਦੋਂ ਬਣਿਆ ਜਗਮੀਤ ਸਿੰਘ ਤੇ ਕੰਜ਼ਰਵੇਟਿਵਾਂ ਵਾਸਤੇ ਕੈਦੋਂ ਬਣਿਆ ਡੌਨੈਲਡ ਟਰੰਪ। ਦੇਖੋ ਕਾਕਾ ਜੀ, ਰਾਂਝੇ ਵੀ ਦੋ, ਕੈਦੋਂ ਵੀ ਦੋ ਤੇ ਹੀਰ ਬੇਚਾਰੀ ਇੱਕ! ਇੱਕ ਪਾਸਿਓਂ ਖਿੱਚ੍ਹੇ ਪੀਅਰ ਪੌਇਲਿਐਵ ਤੇ ਦੂਜੇ ਬੰਨਿਓਂ ਮਾਰਕ ਕਾਰਨੀ - ਤੇ ਉਹਦਾ ਮੋਢਾ ਨਿੱਕਲ ਗਿਆ ਇਸੇ ਖਿੱਚ੍ਹ-ਧੂਹ ਵਿੱਚ। ਹੁਣ ਜਿਹੜਾ ਉਹਦਾ ਮੋਢਾ ਚਾਹਤੂ, ਉਹ ਵੀ ਭਾਲੇਗਾ ਕਿ ਤੇਰੀ ਆਂਟੀ, ਮਤਲਬ ਕਿ ਹੀਰ ਨਾਲ ਨਜ਼ਦੀਕੀ ਬਣੀ ਰਹੇ!

ਵੋਟਰਾਂ ਨੇ ਬੜੇ ਰੂਪ ਬਦਲੇ ਇਸ ਵਾਰ ਚੋਣਾਂ ਵਿੱਚ। ਜਨਵਰੀ ਵਿੱਚ ਕਹਿੰਦੇ, ਹੀਰ ਤਾਂ ਪੀਅਰ ਪੌਇਲਿਐਵ ਨਾਲ ਤੋਰਨੀ ਓ ਤੋਰਨੀ ਐ। ਫਰਬਰੀ-ਮਾਰਚ-ਅਪਰੈਲ ਵਿੱਚ ਤਾਂ ਉੱਕਾ ਈ ਮੁੱਕਰ ਗਏ। ਉਧਰ ਅਮੈਰਿਕਾ ਵਾਲਾ ਕੈਦੋਂ ਵਿੱਚ ਆ ਪਿਆ। ਨੌਮਿਨੇਸ਼ਨਾਂ ਦੇ ਚੱਕਰ ਵਿੱਚ ਪੀਅਰ ਪੌਇਲਿਐਵ ਨੇ ਕਈ ਕੈਦੋਂ ਖੜ੍ਹੇ ਕਰ ਲਏ। ਅਖੀਰ ਪੀਅਰ ਨੇ ਕੀਤੀਆਂ ਮਿੰਨਤਾਂ ਵੇ!

ਰਾਂਝੇ ਆਖਿਆ ਪਾਰ ਲੰਘਾ ਮੀਆਂ, ਮੈਨੂੰ ਚਾੜ੍ਹ ਲੈ ਰੱਬ ਦੇ ਵਾਸਤੇ 'ਤੇ
ਹੱਥ ਜੋੜ ਕੇ ਮਿੰਨਤਾਂ ਕਰੇ ਰਾਂਝਾ, ਤਰਲਾ ਕਰਾਂ ਮੈਂ ਝੱਬ ਦੇ ਵਾਸਤੇ 'ਤੇ।
ਤੁਸੀਂ ਚਾੜ੍ਹ ਲਵੋ ਮੈਨੂੰ ਵਿੱਚ ਬੇੜੀ, ਚੱਪੂ ਧਿੱਕ ਸਾਂ ਦੱਬ ਦੇ ਵਾਸਤੇ 'ਤੇ
ਰੁੱਸ ਆਇਆ ਹਾਂ ਨਾਲ ਭਾਬੀਆਂ ਦੇ, ਮਿੰਨਤਾਂ ਕਰਾਂ ਸਬੱਬ ਦੇ ਵਾਸਤੇ 'ਤੇ॥

ਰਿਸ਼ੀ ਕਾਕਾ, ਚਾਚਾ ਕੈਦੋਂ ਕਦ ਕਿਸੇ ਦਾ ਸਕਾ ਹੋਇਐ। ਉੱਧਰ, ਪੀਅਰ ਪੌਇਲਿਐਵ ਦੇ ਆਪਣੇ ਸਕੇ ਸੰਬੰਧੀਆਂ ਨੇ ਵੀ ਉਸ ਦਾ ਪੱਲਾ ਨਾ ਫੜਿਆ। ਉਹ ਤਾਂ ਆਪਣੀ ਰਾਇਡਿੰਗ ਤੋਂ ਪਸਲੀਆਂ ਭਨਵਾ ਬੈਠਾ। ਬੇੜੀ ਦਾ ਮਲਾਹ ਲੁੱਡਣ ਜਦੋਂ ਨਾ ਮੰਨਿਆ ਪੀਅਰ ਨੂੰ ਬੇੜੀ 'ਤੇ ਚੜ੍ਹਾਉਣ ਲਈ, ਤਾਂ ਐਲਬਰਟਾ ਤੋਂ ਆਏ ਲੁੱਡਣ ਦੇ ਇੱਕ ਰਿਸ਼ਤੇਦਾਰ ਨੇ ਉਹਨੂੰ ਬਾਹੋਂ ਫੜ ਕੇ ਬੇੜੀ ਵਿੱਚ ਚਾੜ੍ਹਿਆ।

ਇਸੇ ਦੇਰਾ-ਦੇਰੀ ਵਿੱਚ ਮਾਰਕ ਕਾਰਨੀ ਦੀ ਬੇੜੀ ਪਹਿਲਾਂ ਕਿਨਾਰੇ ਜਾ ਲੱਗੀ। ਉਹ ਹੀਰ ਨੂੰ ਲੈ ਗਿਆ ਭਜਾ ਕੇ। ਪੀਅਰ ਹੁਰੀਂ ਹੱਥ ਮਲਦੇ ਈ ਰਹਿ ਗਏ! ਉਹਦੇ ਕਈ ਸਾਥੀਆਂ ਨੇ ਤਾਂ ਵਿਆਹ ਤੇ ਬਰਾਤੀ ਬਣਨ ਲਈ ਅਚਕਨਾਂ, ਸ਼ੇਰਵਾਨੀਆਂ, ਸੂਟ ਵੀ ਸੁਆ ਲਏ ਸੀ ਤੇ ਵਿਆਹ ਵਾਲੀ ਗੱਡੀ ਦੀ ਸੀਟ ਵੀ ਚੁਣ ਲਈ ਕਿ ਇੱਥੇ ਬੈਠ ਕੇ ਸਿਆਸਤ ਦੇ ਅੰਬ ਚੂਪਿਆ ਕਰਾਂਗੇ! ਬੇਚਾਰਿਆਂ ਦੇ ਅੰਬ ਲੀਕ ਕਰ ਗਏ ਤੇ ਉਹਨਾਂ ਦੇ ਤਾਂ ਲੀੜੇ ਵੀ ਲਿੱਬੜ ਗਏ! ਬਰਾਤੋਂ ਵੀ ਗਏ! ਹੀਰ ਵੀ ਨਾ ਲੱਭੀ!

ਮਾਰਕ ਕਾਰਨੀ ਵੀ ਤਾਂ ਰਾਂਝਾ ਈ ਸੀ ਨਾ! ਜੇ ਤੁਸੀਂ ਉਹਨੂੰ ਖੇੜਿਆਂ ਦਾ ਸੈਦਾ ਕਹਿ ਲਵੋ ਤਾਂ ਵੀ ਕੋਈ ਹਰਜ਼ ਨਹੀਂ ਕਿਉਂਕਿ ਉਹਦੇ ਵਾਸਤੇ ਵੀ ਕੈਦੋਂ ਜਗਮੀਤ ਸਿੰਘ ਬਣ ਗਿਆ ਵਾ। ਜੇ ਜਗਮੀਤ ਸਿੰਘ ਚੱਜ ਦਾ ਹੁੰਦਾ ਤੇ ਆਪਣੀਆਂ ਸੀਟਾਂ ਵਧਾਉਂਦਾ ਤੇ ਪੀਅਰ ਦਾ ਸੂਤ ਆ ਜਾਣਾ ਸੀ। ਉਹਦੇ ਡਿੱਗਣ ਦਾ ਲਾਭ ਮਾਰਕ ਕਾਰਨੀ ਲੈ ਗਿਆ ਤੇ ਹੀਰ ਉਹਦੇ ਨਾਲ ਜਾ ਭੱਜੀ। ਹੁਣ ਮਾਰਕ ਕਾਰਨੀ ਦੀ ਗੱਡੀ ਦਾ ਇੰਜਣ ਵੀ ਪੂਰਾ ਕੰਮ ਨਹੀਂ ਕਰ ਰਿਹਾ, ਉਹਦੇ ਟਾਇਰਾਂ ਦੀ ਹਵਾ ਬਹੁਤ ਘੱਟ ਐ ਤੇ ਮਗਰ ਮਗਰ ਪੀਅਰ ਆਪਣੀ ਗੱਡੀ ਭਜਾਉਂਦਾ ਆਊ ਹੁਣ। ਦੇਖਦੇ ਆਂ ਕਿੰਨੀ ਕੁ ਦੂਰ ਲੈ ਕੇ ਜਾਊ ਕਾਰਨੀ, ਹੀਰ ਦੀ ਡੋਲੀ!

ਜਿਹੜੇ ਕਾਰਨੀ ਦੀ ਬਾਰਾਤ ਵਿੱਚ ਜਾਣ ਨੂੰ ਫਿਰਦੇ ਸੀ, ਉਹਨਾਂ ਦੀ ਵੀ ਦਿਲ ਵਿੱਚ ਹੀ ਰਹਿ ਗਈ। ਕੈਦੋਂ ਉਹਨਾਂ ਬਾਰਾਤੀਆਂ ਨੂੰ ਵੀ ਆ ਪਏ! ਕੈਦੋਂ ਨਹੀਂ ਬਖ਼ਸ਼ਦੇ ਕਿਸੇ ਨੂੰ, ਭਾਈ। ਜਿਹਨਾਂ ਦੀ ਪਾਰਟੀ ਜਿੱਤ ਗਈ, ਉਹ ਆਪ ਨਹੀਂ ਜਿੱਤੇ, ਜਿਹੜੇ ਆਪ ਜਿੱਤ ਗਏ, ਉਹਨਾਂ ਦੀ ਪਾਰਟੀ ਨਹੀਂ ਜਿੱਤੀ! ਹੀਰ ਕਿਸੇ ਨੂੰ ਵੀ ਨਾ ਮਿਲੀ! ਐਵੇਂ ਧੋਤੀਆਂ-ਟਿੱਕੇ ਲਾਈ ਫਿਰਦੇ ਰਹੇ! ਸੈਦੇ ਨਾਲ ਹੀਰ ਦੀ ਬਣੀ ਤਾਂ ਬਹੁਤੀ ਨਹੀਂ ਸੀ ਤੇ ਮੈਂ ਕੰਨਾਂ ਚ ਮੁੰਦਰਾਂ ਪਾ ਕੇ ਜੋਗੀ ਬਣ ਕੇ ਤੁਹਾਡੀ ਆਂਟੀ ਨੂੰ ਕੱਢ ਈ ਲਿਆਇਆ ਸੀ। ਹੁਣ ਪੀਅਰ ਦੇਖੋ ਕਦੋਂ ਜੋਗੀ ਬਣਦੈ। ਜਦੋਂ ਤੱਕ ਕੰਨ ਨਾ ਪਾਟਣ, ਉਦੋਂ ਤੱਕ ਹੀਰ ਨਹੀਂ ਮਿਲਦੀ ਹੁੰਦੀ। ਪਹਿਲਾਂ ਕੰਨ ਪੜਵਾਵੇ, ਕੰਜ਼ਰਵੇਟਿਵ ਲੀਡਰ। ਉਹਦੀ ਪਾਰਟੀ ਵਾਲੇ ਤਾਂ ਉਹਦੇ ਲੀੜੇ ਪਾੜਣ ਨੂੰ ਫਿਰਦੇ ਐ, ਕੰਨ ਤਾਂ ਇੱਕ ਪਾਸੇ ਰਹੇ! ਰੱਬ ਈ ਭਲੀ ਕਰੇ!

ਉੱਧਰ ਭਾਰਤ ਤੇ ਪਾਕਿਸਤਾਨ ਦਰਮਿਆਨ ਵੀ ਖੜਕ ਪਈ ਐ। ਰਿਸ਼ੀ, ਮੈਂ ਕਦੀ ਸੋਚਦਾਂ ਕਿ ਇਹਨਾਂ ਮੁਲਕਾਂ ਦੀ ਹੀਰ ਕਿਹੜੀ ਹੋਈ ਭਲਾ? ਫਿਰ ਚੇਤਾ ਆ ਗਿਆ...ਕਸ਼ਮੀਰ ਇਹਨਾਂ ਦੀ ਹੀਰ ਐ। ਦੋਵੇਂ ਦਾਵਾ ਕਰੀ ਜਾਂਦੇ ਐ ਕਿ ਹੀਰ ਸਾਡੀ ਐ...ਉਧਰ ਹੀਰ ਕੂਕਾਂ ਮਾਰੀ ਜਾਂਦੀ ਐ ਕੋਈ ਮੈਨੂੰ ਵੀ ਪੁੱਛ ਲਉ ਕਿ ਮੈਂ ਕਿੱਧਰ ਜਾਣੈ! ਇਹਨਾਂ ਦੋਹਾਂ ਮੁਲਕਾਂ ਦੀ ਹੀਰ ਹੁਣ ਗੰਜੀ ਹੋਣ ਕਿਨਾਰੇ ਆ ਗਈ ਐ ਰਿਸ਼ੀ ਬਾਬੂ! ਅੱਧੇ ਵਾਲ ਇੰਡੀਆ ਨੇ ਉਹਦੇ ਪੁੱਟ ਛੱਡੇ ਨੇ ਤੇ ਬਾਕੀ ਅੱਧੇ ਦੂਜੇ ਪਾਸੇ ਵਾਲਿਆਂ ਨੇ! ਇਹਨਾਂ ਨੇ ਹੀਰ ਗੰਜੀ ਕਰਵਾ ਲਈ, ਆਪਣੀਆਂ ਲੱਤਾਂ-ਬਾਹਵਾਂ ਭਨਵਾਂ ਲਈਆਂ ਪਰ ਅਕਲ ਨੂੰ ਹੱਥ ਨਹੀਂ ਮਾਰੀ!

ਮੈਂ ਵੀ ਤੁਹਾਡੀ ਆਂਟੀ ਨੂੰ ਉਸ ਦੇ ਵਿਆਹ ਮਗਰੋਂ ਕੱਢ ਲਿਆਇਆ ਸੀ ਤੇ ਸੈਦਾ ਲੱਭਦਾ ਫਿਰੇ। ਇੱਕ ਕਾਜ਼ੀ ਨੇ ਸਾਡੇ ਹੱਕ ਵਿੱਚ ਫਤਵਾ ਸੁਣਾ ਈ ਦਿੱਤਾ ਤਾਂ ਕੈਦੋਂ ਨੇ ਜ਼ਹਿਰੀਲਾ ਲੱਡੂ ਖੁਆ ਦਿੱਤਾ। ਮੂਰਖਤਾ ਮੇਰੀ ਵੀ ਘੱਟ ਨਹੀਂ ਸੀ, ਉਹੀ ਲੱਡੂ ਮੈਂ ਵੀ ਖਾ ਗਿਆ। ਮਾਰੇ ਗਏ ਦੋਵੇਂ ਅਸੀਂ। ਜੇ ਕਿਤੇ ਕੈਦੋਂ ਨਾ ਹੁੰਦਾ, ਹੀਰ ਦਾ ਵਿਆਹ ਸੈਦੇ ਨਾਲ ਨਾ ਹੁੰਦਾ, ਭਾਵੇਂ ਮੇਰੇ ਨਾਲ ਵੀ ਨਾ ਹੁੰਦਾ ਤਾਂ ਵੀ ਅਸੀਂ ਦੋਵੇਂ - ਮੈਂ ਤੇ ਸੈਦਾ, ਉਹਨੂੰ ਦੂਰੋਂ ਦੂਰੋਂ, ਚੋਰੀ ਚੋਰੀ ਦੇਖਦੇ ਤਾਂ ਰਹਿੰਦੇ, ਨਾਲੇ ਸਕੂਨ ਰਹਿੰਦਾ। ਸੈਦੇ ਤੋਂ ਵੀ ਖੋਹੀ, ਆਂਟੀ ਤੁਹਾਡੀ, ਰਹੀ ਮੇਰੇ ਕੋਲ ਵੀ ਨਾ ਤੇ ਨਾ ਰਿਹਾ ਮੈਂ। ਖੱਟਿਆ ਕੀ ਕਿਸੇ ਨੇ?

ਉਇ ਵਹਿਸ਼ੀ ਯਾਰੋ! ਉਇ ਕਦ ਕੋਈ ਹਮਸਾਇਆ ਆਪਣੇ ਮੰਦਰਾਂ, ਗੁਰਦੁਆਰਿਆਂ ਤੇ ਮਸਜਿਦਾਂ-ਮਜ਼ਾਰਾਂ 'ਤੇ ਵੀਜ਼ੇ ਲੈ ਕੇ ਜਾਂਦਾ ਹੁੰਦੈ? ਉਇ ਸਿਆਣਿਓ ਲੋਕੋ! ਨੈਦਰਲੈਂਡਜ਼ ਤੇ ਬੈਲਜੀਅਮ ਦੇ ਬਾਰਡਰ 'ਤੇ ਨਿਗ੍ਹਾ ਮਾਰੋ ਖਾਂ ਜ਼ਰਾ...ਲੋਕਾਂ ਦੇ ਘਰ ਬੈਲਜੀਅਮ ਵਿੱਚ ਤੇ ਗੈਰਾਜ ਨੈਦਰਲੈਂਡਜ਼ ਵਿੱਚ, ਇਕੋ ਦਫ਼ਤਰ ਦਾ ਇੱਕ ਪਾਸਾ ਇੱਕ ਮੁਲਕ ਵਿੱਚ ਤੇ ਦੂਜਾ ਪਾਸਾ ਦੂਜੇ ਮੁਲਕ ਵਿੱਚ ਤੇ ਤੁਹਾਡੇ ਬਾਰਡਰਾਂ 'ਤੇ ਕੀ ਹੁੰਦੈ? ਟੰਗਾਂ ਸਿਰ ਤੋਂ ਉਤਾਂਹ ਤੱਕ ਚੁਕਾ ਕੇ ਤੁਸੀਂ ਆਪਣੇ ਫੌਜੀਆਂ ਤੋਂ ਸਰਕਸਾਂ ਕਰਵਾਉਂਦੇ ਆ ਰਹੇ ਓ! ਤੁਹਾਡਾ ਨਨਕਾਣਾ ਤੇ ਪੰਜਾ ਸਾਹਿਬ ਇੱਕ ਪਾਸੇ, ਤੁਹਾਡੇ ਕਟਾਸਰਾਜ ਤੇ ਹਿੰਗਲਾਜ ਇੱਕ ਪਾਸੇ ਤੇ ਖ਼ਵਾਜਾ ਗ਼ਰੀਬ ਨਵਾਜ਼ ਦੂਜੇ ਪਾਸੇ ਤੇ ਤੁਸੀਂ ਆਉਣ ਜਾਣ ਈ ਨਹੀਂ ਦਿੰਦੇ ਇੱਕ ਦੂਜੇ ਨੂੰ ਓਇ!! ਉਇ ਮੈਨੂੰ ਸਿਧਰਾ, ਸਿਰ ਫਿਰਿਆ ਆਸ਼ਕ ਕਹਿਣ ਵਾਲਿਓ, ਹੈਗੇ ਤਾਂ ਤੁਸੀਂ ਵੀ ਸਿਰ ਫਿਰੇ ਈ, ਪਰ ਆਸ਼ਕ ਕਦੀ ਬਣ ਨਹੀਂ ਸਕੇ! ਉਇ ਅਕਲਾਂ ਵਾਲਿਓ! ਝਨਾਅ ਵਿੱਚ ਜਦੋਂ ਸੋਹਣੀ ਰੁੜ੍ਹ ਗਈ ਸੀ ਤਾਂ ਮਹੀਂਵਾਲ ਵੀ ਉਸੇ ਵਿੱਚ ਛਾਲ ਮਾਰ ਕੇ ਡੁੱਬ ਮੋਇਆ ਸੀ ਤੇ ਇਸ਼ਕ ਕਹਾਣੀ ਅਮਰ ਕਰ ਗਿਆ ਸੀ ਤੇ ਤੁਸੀਂ ਉਸੇ ਦਾ ਪਾਣੀ ਮੁਕਾਉਣ - ਸੁਕਾਉਣ ਦੀ ਗੱਲ ਕਰਦੇ ਓ, ਯਾਰੋ?

ਹਿਸਾਬ ਕਰਨ ਬੈਠ ਗਏ ਓ ਕਿ ਕਿਹਨੇ ਕਿਸ ਦੇ ਕਿੰਨੇ ਜਹਾਜ਼ ਸੁੱਟ ਦਿੱਤੇ, ਕਿੰਨੇ ਲੋਕ ਮਾਰੇ ਗਏ, ਕਿੰਨੇ ਫੌਜੀ ਸਨ ਤੇ ਕਿੰਨੇ ਸਿਵਿਲੀਅਨ ਸਨ? ਇਹ ਕੋਈ ਕਰਨ ਵਾਲਾ ਹਿਸਾਬ ਐ ਭਲਾ? ਹਿਸਾਬ ਕਰਨਾ ਈ ਐ ਤਾਂ ਕਰੋ ਕਿ ਕਿੰਨੇ ਲੋਕਾਂ ਨੂੰ ਰੋਜ਼ਗਾਰ ਦਿੱਤਾ ਜੇ ਤੁਸੀਂ? ਕਿੰਨਾ ਮਾਲ ਤੁਹਾਡੇ ਖ਼ਜ਼ਾਨਿਆਂ ਵਿੱਚ ਆਇਆ ਈ? ਤੇ ਤੁਸੀਂ ਹਿਸਾਬ ਕਰ ਰਹੇ ਓ ਕਿੰਨੀਆਂ ਮਾਵਾਂ ਦੀ ਕੁੱਖ ਉਜਾੜ ਦਿਤੀ ਏ? ਵਾਹ ਉਇ, ਹਿਸਾਬੀਓ!

ਆਪਣਾ ਇੱਕ ਸ਼ਾਇਰ ਹੁੰਦਾ ਸੀ, ਤੁਸੀਂ ਤਾਂ ਸ਼ਾਇਦ ਉਹਨੂੰ ਭੁਲਾ ਈ ਦਿੱਤਾ ਹੋਵੇ...ਉਹਦਾ ਨਾਮ ਸੀ ਉਸਤਾਦ ਦਾਮਨ: ਉਹ ਇੱਕ ਥਾਂ ਲਿਖਦੈ ਤੇ ਰਿਸ਼ੀ ਬਾਬੂ ਧਿਆਨ ਨਾਲ ਸੁਣੀਂ ਜ਼ਰਾ:

ਇਸ ਮੁਲਕ ਦੀ ਵੰਡ ਕੋਲੋਂ ਯਾਰੋ,
ਖੋਏ ਤੁਸੀਂ ਵੀ ਹੋ, ਖੋਏ ਅਸੀਂ ਵੀ ਹਾਂ।
ਭਾਵੇਂ ਮੂੰਹੋਂ ਨਾ ਕਹੀਏ ਪਰ ਵਿਚੋਂ ਵਿੱਚੀ,
ਖੋਏ ਤੁਸੀਂ ਵੀ ਓ, ਖੋਏ ਅਸੀਂ ਵੀ ਆਂ।

ਇਨ੍ਹਾਂ ਆਜ਼ਾਦੀਆਂ ਹੱਥੋਂ ਬਰਬਾਦ ਹੋਣਾ,
ਹੋਏ ਤੁਸੀਂ ਵੀ ਓ, ਹੋਏ ਅਸੀਂ ਵੀ ਆਂ।
ਕੁੱਝ ਉਮੀਦ ਏ ਜ਼ਿੰਦਗੀ ਮਿਲ ਜਾਏਗੀ,
ਮੋਏ ਤੁਸੀਂ ਵੀ ਓ, ਮੋਏ ਅਸੀਂ ਵੀ ਆਂ।

ਜਿਉਂਦੀ ਜਾਨ ਈ ਮੌਤ ਦੇ ਮੂੰਹ ਅੰਦਰ,
ਢੋਏ ਤੁਸੀਂ ਵੀ ਓ, ਢੋਏ ਅਸੀਂ ਵੀ ਆਂ।
ਜਾਗਣ ਵਾਲਿਆਂ ਰੱਜ ਕੇ ਲੁੱਟਿਆ ਏ,
ਸੋਏ ਤੁਸੀਂ ਵੀ ਓ, ਸੋਏ ਅਸੀਂ ਵੀ ਆਂ।

ਲਾਲੀ ਅੱਖੀਆਂ ਦੀ ਪਈ ਦਸਦੀ ਏ,
ਰੋਏ ਤੁਸੀਂ ਵੀ ਓ, ਰੋਏ ਅਸੀਂ ਵੀ ਆਂ।

ਅਸੀਂ ਤਾਂ ਹੁਣ ਮਰ ਮੁੱਕ ਚੁੱਕੇ ਲੋਕ ਆਂ! ਯਾਰ ਤੁਸੀਂ ਤਾਂ ਜਿਉਂਦੇ ਜਾਗਦੇ ਲੋਕ ਓ...ਅਕਲਾਂ ਨੂੰ ਹੱਥ ਪਾਉ! ਲੜਨਾ ਈ ਐ ਤਾਂ ਭੁੱਖ ਨਾਲ ਲੜੋ, ਗ਼ਰੀਬੀ ਨਾਲ ਲੜੋ, ਅਨਪੜ੍ਹਤਾ ਨਾਲ ਲੜੋ, ਬੇਰੋਜ਼ਗਾਰੀ ਨਾਲ ਲੜੋ, ਗ਼ੈਰ-ਬਰਾਬਰੀ ਨਾਲ ਲੜੋ! ਤੁਸੀਂ ਭੁੱਖੇ, ਗ਼ਰੀਬ, ਅਨਪੜ੍ਹ, ਬੇਰੋਜ਼ਗਾਰ ਤੇ ਗ਼ੈਰ-ਬਰਾਬਰ ਲੋਕ...ਭੱਜੇ ਫਿਰਦੇ ਓ ਹੀਰ ਨੂੰ ਵਿਆਹੁਣ ਲਈ! ਪਹਿਲਾਂ ਯਾਰ ਕੁੱਝ ਬਣ ਤਾਂ ਜਾਵੋ! ਮੇਰੇ ਭਰਾਵੋ, ਉਹਦੇ ਜੋਗੇ ਹੋ ਤਾਂ ਜਾਉ! ਇਉਂ ਨਹੀਂ ਜੇ ਹੀਰ ਲੱਭਣੀ...ਰਾਂਝੇ ਬਣੋ! ਵੰਝਲੀਆਂ ਵਜਾਓ, ਪਿਆਰ ਵਾਲੀਆਂ! ਹੀਰਾਂ ਤਾਂ ਤੁਹਾਡੀ ਪਿਆਰ ਵਾਲੀ ਧੁਨ 'ਤੇ ਭੱਜੀਆਂ ਆਉਣਗੀਆਂ! ਕਰਕੇ ਤਾਂ ਵੇਖੋ, ਇੱਕ ਵਾਰੀ, ਯਾਰ!

ਚੰਗਾ ਬਾਈ ਰਿਸ਼ੀ,
ਕਿਹਾ ਸੁਣਿਆ ਮਾਫ਼ ਕਰੀਂ!
ਤੇਰਾ ਬੁੱਢਾ ਅੰਕਲ,
ਧੀਦੋ ਰਾਂਝਾ!


# ਲਾਵਾਰਸ-ਬੇਘਰ ਮਰੀਜ਼ਾਂ ਦੀ ਸੇਵਾ-ਸੰਭਾਲ ਕਰਨ ਵਾਲੇ ਡਾ. ਨੌਰੰਗ ਸਿੰਘ ਮਾਂਗਟ ਦਾ ਮੁੰਬਈ ਵਿਖੇ ਹੋਇਆ ਵਿਸ਼ੇਸ਼ ਸਨਮਾਨ

4 ਮਈ 2025 ਨੂੰ ਮੁੰਬਈ ਵਿਖੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਮੁੰਬਈ ਦੀਆਂ ਹੋਰ ਸਿੱਖ ਜੱਥੇਬੰਦੀਆਂ ਦੇ ਸਹਿਯੋਗ ਨਾਲ ਕਰਵਾਏ ਗਏ ਇੱਕ ਸਮਾਗਮ ਦੌਰਾਨ ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ ਦੇ ਸੇਵਾਦਾਰ ਡਾ. ਨੌਰੰਗ ਸਿੰਘ ਮਾਂਗਟ ਨੂੰ ਟਰਾਫੀ, ਸ਼ਾਲ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਡਾ. ਨੌਰੰਗ ਸਿੰਘ ਮਾਂਗਟ ਨੂੰ ਇਹ ਪੁਰਸਕਾਰ ਉਹਨਾਂ ਵੱਲੋਂ ਪਿਛਲੇ 20 ਸਾਲਾਂ ਤੋਂ ਲਾਵਾਰਸ-ਬੇਘਰ ਮਰੀਜ਼ਾਂ ਦੀ ਲਗਾਤਰ ਕੀਤੀ ਜਾ ਰਹੀ ਨਿਰਸਵਾਰਥ ਸੇਵਾ ਨੂੰ ਮੁੱਖ ਰੱਖਦੇ ਹੋਏ ਦਿੱਤਾ ਗਿਆ। ਪੁਰਸਕਾਰ ਦੇਣ ਸਮੇਂ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਪੂਰਨ ਸਿੰਘ ਬਾਂਗਾ, ਪ੍ਰਧਾਨ ਐਚ. ਐਸ. ਮਹਿਤਾ, ਜਨਰਲ ਸੈਕਟਰੀ ਇੰਦਰਜੀਤ ਸਿੰਘ ਤੋਂ ਇਲਾਵਾ ਟਰੱਸਟ ਦੇ ਹੋਰ ਮੈਂਬਰ ਅਤੇ ਬਹੁਤ ਸਾਰੀਆਂ ਸਿੱਖ ਜੱਥੇਬੰਦੀਆਂ ਵੱਲੋਂ ਨਾਮਵਰ ਸ਼ਖ਼ਸੀਅਤਾਂ ਮੌਜੂਦ ਸਨ। ਇਹ ਸਮਾਗਮ ਮੁੰਬਈ ਵਿਖੇ ਗੁਰੂ ਨਾਨਕ ਖਾਲਸਾ ਕਾਲਜ ਦੇ ਆਡੀਟੋਰੀਅਮ ਵਿੱਚ ਆਯੋਜਤ ਕੀਤਾ ਗਿਆ ਸੀ। ਪੀ. ਏ. ਯੂ. ਲੁਧਿਆਣਾ, ਯੂਨੀਵਰਸਿਟੀ ਆਫ਼ ਵਿੰਡਸਰ (ਕੈਨੇਡਾ) ਅਤੇ ਮੌਰੀਸਨ ਸਾਇੰਟਿਫਿਕ ਰੀਸਰਚ ਕੰਪਨੀ ਕੈਲਗਰੀ (ਕੈਨੇਡਾ) ਦੇ ਸਾਬਕਾ ਪ੍ਰੋਫੈਸਰ ਅਤੇ ਸਾਇੰਸਦਾਨ ਡਾ. ਨੌਰੰਗ ਸਿੰਘ ਮਾਂਗਟ ਨੇ ਕਈ ਸਾਲ ਲੁਧਿਆਣਾ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਸਾਇਕਲ ਤੇ ਫਿਰਕੇ ਸੜਕਾਂ ਕੰਢੇ ਪਏ ਬੇਘਰ, ਲਾਵਾਰਸ, ਅਪਾਹਜ ਅਤੇ ਬਿਮਾਰ ਲੋੜਵੰਦਾਂ ਦੀ ਸੇਵਾ-ਸੰਭਾਲ ਕੀਤੀ। ਅਜਿਹੇ ਲੋਕਾਂ ਦੀ ਹੋਰ ਬਿਹਤਰ ਢੰਗ ਨਾਲ ਸੇਵਾ-ਸੰਭਾਲ ਕਰਨ ਲਈ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਦੇ ਨਜ਼ਦੀਕ ਗੁਰੂ ਅਮਰ ਦਾਸ ਅਪਾਹਜ ਆਸ਼ਰਮ ਬਣਵਾਇਆ। ਡਾ. ਨੌਰੰਗ ਸਿੰਘ ਮਾਂਗਟ ਦੇ ਦੱਸਣ ਮੁਤਾਬਕ ਇਸ ਆਸ਼ਰਮ ਵਿੱਚ ਹੁਣ 225 ਦੇ ਕਰੀਬ ਅਪਾਹਜ, ਬੇਸਹਾਰਾ, ਨੇਤਰਹੀਣ, ਅਧਰੰਗ ਦੀ ਬਿਮਾਰੀ ਵਾਲੇ, ਸ਼ੂਗਰ, ਏਡਜ਼, ਕਾਲਾ ਪੀਲੀਆ, ਟੀ.ਬੀ, ਦਿਮਾਗੀ ਸੰਤੁਲਨ ਗੁਆ ਚੁੱਕੇ, ਲਾਇਲਾਜ ਰੋਗਾਂ ਨਾਲ ਪੀੜਤ ਲਾਵਾਰਸ, ਬੇਘਰ ਤੇ ਗਰੀਬ ਲੋਕ ਪੱਕੇ ਤੌਰ 'ਤੇ ਰਹਿ ਰਹੇ ਹਨ। ਇਹਨਾਂ 'ਚ ਜ਼ਿਆਦਾਤਰ ਉਹ ਹਨ ਜਿਹਨਾਂ ਨੂੰ ਸੜਕਾਂ 'ਤੋਂ ਬਹੁਤ ਤਰਸਯੋਗ ਹਾਲਤ 'ਚ ਚੁੱਕ ਕੇ ਲਿਆਂਦਾ ਗਿਆ ਸੀ। ਇਹਨਾਂ ਸਵਾ ਦੋ ਸੌ (225) ਲਾਵਾਰਸ- ਬੇਘਰ ਮਰੀਜ਼ਾਂ 'ਚ ਸਵਾ ਸੌ (125) ਦੇ ਕਰੀਬ ਮਰੀਜ਼ਾਂ ਦਾ ਦਿਮਾਗੀ ਸੰਤੁਲਨ ਠੀਕ ਨਹੀਂ ਹੈ। ਅੱਸੀ ਦੇ ਕਰੀਬ ਅਜਿਹੇ ਹਨ ਜਿਹਨਾਂ ਨੂੰ ਆਪਣੀ ਸੁੱਧ-ਬੁੱਧ ਨਹੀਂ ਹੈ, ਉਹ ਆਪਣੇ ਬਾਰੇ ਕੁੱਝ ਵੀ ਦੱਸਣ ਤੋਂ ਅਸਮਰੱਥ ਹਨ। ਸੱਠ (60) ਦੇ ਕਰੀਬ ਮਰੀਜ਼ ਅਜਿਹੇ ਹਨ ਜੋ ਆਪਣੀ ਕਿਰਿਆ ਆਪ ਨਹੀਂ ਸੋਧ ਸਕਦੇ ਅਤੇ ਮਲ-ਮੂਤਰ ਵੀ ਕੱਪੜਿਆਂ ਵਿੱਚ ਹੀ ਕਰਦੇ ਹਨ। ਅਜਿਹੇ ਲੋੜਵੰਦਾਂ ਦੀ ਨਿਸ਼ਕਾਮ ਸੇਵਾ-ਸੰਭਾਲ ਕਰਨ ਦੇ ਨਾਲ-ਨਾਲ ਮੁਫ਼ਤ ਮੈਡੀਕਲ ਸਹਾਇਤਾ ਦੇ ਕੇ ਉਹਨਾਂ ਦੀ ਜ਼ਿੰਦਗੀ ਬਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ। ਆਸ਼ਰਮ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਮੰਜਾ-ਬਿਸਤਰਾ, ਮੈਡੀਕਲ ਸਹਾਇਤਾ, ਗੁਰੂ ਦਾ ਲੰਗਰ, ਕੱਪੜੇ ਆਦਿ ਹਰ ਜ਼ਰੂਰੀ ਵਸਤੂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ। ਚਾਲੀ (40) ਦੇ ਕਰੀਬ ਸਟਾਫ਼ ਤੇ ਸੇਵਾਦਾਰ ਆਸ਼ਰਮ 'ਚ ਕੰਮ ਕਰਦੇ ਹਨ। ਸੇਵਾਦਾਰ ਇਹਨਾਂ ਮਰੀਜ਼ਾਂ ਨੂੰ ਇਸ਼ਨਾਨ ਕਰਾਉਂਦੇ ਹਨ, ਕਪੜੇ ਬਦਲੀ ਕਰਦੇ ਹਨ। ਲਾਚਾਰ ਮਰੀਜ਼ਾਂ ਨੂੰ ਖਾਣਾ ਵੀ ਆਪ ਖੁਆਉਂਦੇ ਹਨ। ਡਾਕਟਰ ਤੇ ਨਰਸਾਂ ਮਰੀਜ਼ਾਂ ਨੂੰ ਦੁਆਈਆਂ ਦਿੰਦੇ ਹਨ। ਇੱਥੇ ਤਕਰੀਬਨ ਤਿੰਨ ਸੌ ਮਰੀਜ਼ਾਂ ਤੇ ਸੇਵਾਦਾਰਾਂ ਲਈ ਲੰਗਰ ਤਿਆਰ ਹੁੰਦਾ ਹੈ। ਇਹਨਾਂ ਮਰੀਜ਼ਾਂ ਤੇ ਆਉਣ ਵਾਲਾ ਤਿੰਨ ਕਰੋੜ ਦੇ ਕਰੀਬ ਸਾਲਾਨਾ ਖਰਚਾ ਸੰਗਤਾਂ ਦੇ ਸਹਿਯੋਗ ਅਤੇ ਅਸੀਸਾਂ ਨਾਲ ਹੀ ਚਲਦਾ ਹੈ॥ ਆਸ਼ਰਮ ਵਾਰੇ ਹੋਰ ਜਾਣਕਾਰੀ ਲਈ ਸੰਪਰਕ: ਆਸ਼ਰਮ (ਇੰਡੀਆ):95018-42505; ਕੈਨੇਡਾ: 403-401-8787।



ਡਾ. ਨੌਰੰਗ ਸਿੰਘ ਮਾਂਗਟ, ਉਹਨਾਂ ਦੀ ਪਤਨੀ ਪਰਮਜੀਤ ਕੌਰ ਮਾਂਗਟ ਅਤੇ ਮੁੰਬਈ ਸਮਾਗਮ ਦੇ ਪ੍ਰਬੰਧਕ

# ਟਰੰਪ ਮਿਲਣੀ ਉਪਰੰਤ ਕਾਰਨੀ ਹੋਰ ਮਜਬੂਤ ਹੋਏ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੀ ਲਗਭਗ ਅੱਧੀ ਆਬਾਦੀ ਦਾ ਇਹ ਮੰਨਣਾ ਹੈ ਕਿ ਪ੍ਰਧਾਨ ਮੰਤਰੀ ਮਾਰਕ ਕਰਨੀ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਸਿੱਧੀ ਮੁਲਾਕਾਤ ਦੇ ਦੌਰਾਨ ਕੈਨੇਡਾ ਵਾਸਤੇ ਮਜ਼ਬੂਤੀ ਨਾਲ ਖੜੇ ਹੋਏ ਸਨ। ਅਸਲ ਵਿੱਚ ਇਹ ਖੁਲਾਸਾ ਇੱਕ ਨਵੇਂ ਸਰਵੇਖਣ ਵਿੱਚ ਹੋਇਆ ਹੈ ਜਿਸ ਵਿੱਚ 48 ਫੀਸਦੀ ਲੋਕਾਂ ਨੇ ਮੰਨਿਆ ਹੈ ਕਿ ਮਾਰਕ ਕਾਰਨੀ ਸਪਸ਼ਟ ਤੌਰ 'ਤੇ ਕੈਨੇਡਾ ਦੇ ਹਿੱਤਾਂ ਵਾਸਤੇ ਖੜੇ ਹੋਏ, ਜਦਕਿ 24 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਮਾਰਕ ਕਾਰਨੀ ਨੂੰ ਹੋਰ ਮਜਬੂਤ ਢੰਗ ਦੇ ਨਾਲ ਆਪਣਾ ਪੱਖ ਪੇਸ਼ ਕਰਨਾ ਚਾਹੀਦਾ ਸੀ। ਇਸ ਸਰਵੇਖਣ ਵਿੱਚ 80 ਫੀਸਦੀ ਕੈਨੇਡਾ ਵਾਸੀਆਂ ਨੇ ਆਖਿਆ ਕਿ ਉਹਨਾਂ ਨੇ ਮਾਰਕ ਕਾਰਨੀ ਅਤੇ ਟਰੰਪ ਦੀ 6 ਮਈ ਨੂੰ ਹੋਈ ਮੀਟਿੰਗ ਨੂੰ ਜਾਂ ਤਾਂ ਵੇਖਿਆ ਜਾਂ ਇਸ ਬਾਰੇ ਪੜ੍ਹਿਆ ਅਤੇ ਜਾਂ ਫਿਰ ਇਸ ਬਾਰੇ ਸੁਣਿਆ ਹੈ। ਦੱਸ ਦਈਏ ਕਿ ਮਾਰਕ ਕਾਰਨੀ ਵੱਲੋਂ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51 ਸੂਬਾ ਬਣਾਉਣ ਨੂੰ ਜਨਤਕ ਤੌਰ ਤੇ ਰੱਦ ਕਰ ਦਿੱਤਾ ਗਿਆ ਸੀ ਇਸ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 40 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਦੋਹਾਂ ਆਗੂਆਂ ਵਿੱਚਾਲੇ ਹੋਈ ਮੀਟਿੰਗ ਦਾ ਦੋਹਾਂ ਦੇਸ਼ਾਂ ਦੇ ਦੁਵੱਲੇ ਰਿਸ਼ਤਿਆਂ ਉੱਪਰ ਕੋਈ ਅਸਰ ਨਹੀਂ ਪਿਆ। ਜਦੋਂ ਕਿ 25 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਇਸ ਮੀਟਿੰਗ ਨਾਲ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਵਿੱਚ ਸੁਧਾਰ ਹੋਇਆ ਹੈ। 13 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਇਸ ਮੀਟਿੰਗ ਉਪਰੰਤ ਦੋਹਾਂ ਦੇਸ਼ਾਂ ਦੇ ਰਿਸ਼ਤੇ ਹੋਰ ਵਿਗੜੇ ਹਨ। ਇਹ ਸਰਵੇਖਣ 9 ਮਈ ਤੋਂ 11 ਮਈ ਦੇ ਵਿੱਚਾਲੇ ਕਰਵਾਇਆ ਗਿਆ ਸੀ ਜਿਸ ਵਿੱਚ 1500 ਕਨੇਡੀਅਨ ਲੋਕਾਂ ਨੇ ਹਿੱਸਾ ਲਿਆ ਅਤੇ ਇਹ ਸਰਵੇਖਣ ਆਨਲਾਈਨ ਕਰਵਾਇਆ ਗਿਆ ਸੀ।

# ਜੰਗ ਨਾਲੋਂ ਜੰਗ-ਬੰਦੀ ਬਿਹਤਰ : ਨਫ਼ਾ ਨੁਕਸਾਨ ਨਹੀਂ ਵੇਖੀਦਾ




ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072




ਜੰਗ ਸ਼ਬਦ ਹੀ ਖ਼ਤਰਨਾਕ ਹੁੰਦਾ ਹੈ। ਜੰਗ ਦਾ ਤਬਾਹਕੁਨ ਹੋਣਾ ਕੁਦਰਤੀ ਹੈ। ਜੰਗ ਤਬਾਹੀ ਦਾ ਪ੍ਰਤੀਕ ਹੁੰਦਾ ਹੈ। ਜੰਗ ਦੇ ਨਤੀਜੇ ਕਦੀਂ ਵੀ ਸਾਕਾਰਾਤਮਕ ਨਹੀਂ ਹੋ ਸਕਦੇ। ਜੰਗ ਦੇ ਨਤੀਜੇ ਹਮੇਸ਼ਾ ਦਿਲ ਨੂੰ ਦੁਖਾਉਣ, ਦਹਿਲਾਉਣ ਵਾਲੇ ਤੇ ਹਿਰਦੇਵੇਦਿਕ ਹੁੰਦੇ ਹਨ। ਜੰਗ-ਬੰਦੀ ਸਾਕਾਰਾਤਮਕ ਸੋਚ ਦਾ ਪ੍ਰਗਟਾਵਾ ਹੁੰਦੀ ਹੈ। ਜੰਗ-ਬੰਦੀ ਵਿੱਚ ਨਫ਼ਾ ਨੁਕਸਾਨ ਨਹੀਂ ਵੇਖਿਆ ਜਾਣਾ ਚਾਹੀਦਾ। ਜੰਗ ਮਾਨਵਤਾ ਦਾ ਘਾਣ ਕਰਦੀ ਹੈ, ਪ੍ਰੰਤੂ ਜੰਗ-ਬੰਦੀ ਮਾਨਵਤਾ ਦੇ ਭਲੇ ਵਿੱਚ ਹੁੰਦੀ ਹੈ ਤੇ ਮਾਨਵਤਾ ਦਾ ਬਚਾਓ ਕਰਦੀ ਹੈ। ਸ਼ਾਂਤੀ ਦਾ ਪ੍ਰਤੀਕ ਹੁੰਦੀ ਹੈ। ਸੁਹਾਵਣਾ ਜੀਵਨ ਜਿਓਣ ਲਈ ਸਾਂਤਮਈ ਵਾਤਾਵਰਨ ਜ਼ਰੂਰੀ ਹੁੰਦਾ ਹੈ। ਦੇਸ਼ ਦਾ ਆਰਥਿਕ, ਸਮਾਜਿਕ, ਸਭਿਆਚਾਰਕ, ਵਿਗਿਆਨਕ, ਸਰੀਰਕ ਤੇ ਮਾਨਸਿਕ ਵਿਕਾਸ ਸ਼ਾਂਤੀ ਦੇ ਸਮੇਂ ਹੀ ਹੋ ਸਕਦਾ ਹੈ। ਇਸ ਲਈ ਕਿਸੇ ਵੀ ਦੇਸ਼ ਦੇ ਵਿਕਾਸ ਲਈ ਸ਼ਾਂਤੀ ਹੋਣੀ ਜ਼ਰੂਰੀ ਹੁੰਦੀ ਹੈ। ਭਾਰਤ ਤੇ ਪਾਕਿਸਤਾਨ ਦਰਮਿਆਨ ਹੋਈ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਦੇ ਅਮਨਪਸੰਦ ਲੋਕਾਂ ਨੇ ਸਵਾਗਤ ਕੀਤਾ ਹੈ। ਜੰਗ-ਬੰਦੀ ਦਾ ਐਲਾਨ ਹੋਣ 'ਤੇ ਲੋਕਾਂ ਨੇ ਸੁੱਖ ਦਾ ਸਾਹ ਲਿਆ ਹੈ। ਲੋਕਾਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ। 22 ਅਪ੍ਰੈਲ 2025 ਨੂੰ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਅਤਵਾਦੀ ਹਮਲੇ ਵਿੱਚ 26 ਸੈਰ ਸਪਾਟਾ ਕਰਨ ਗਏ ਬੇਕਸੂਰ ਮਾਸੂਮ ਲੋਕ ਮਾਰੇ ਗਏ ਸਨ। ਉਸ ਸਮੇਂ ਭਾਰਤ ਵਿੱਚ ਪਾਕਿਸਤਾਨ ਵਿਰੁੱਧ ਰੋਸ ਦੀ ਲਹਿਰ ਉਠ ਖੜ੍ਹੀ ਹੋਈ ਸੀ। ਭਾਰਤ ਦੇ ਲੋਕ ਸਰਕਾਰ ਤੋਂ ਪਾਕਿਸਤਾਨ ਤੋਂ ਬਦਲਾ ਲੈਣ ਲਈ ਕੋਈ ਸਾਰਥਿਕ ਕਾਰਵਾਈ ਉਮੀਦ ਰੱਖਦੇ ਸਨ। ਭਾਰਤ ਨੇ ਪੂਰੀ ਤਿਆਰੀ ਤੋਂ ਬਾਅਦ 6-7 ਮਈ ਦੀ ਰਾਤ ਨੂੰ ਪਾਕਿਸਤਾਨ ਵਿੱਚ ਸਥਿਤ ਅਤਵਾਦੀਆਂ ਦੇ 9 ਸਿਖਲਈ ਟਿਕਾਣਿਆਂ 'ਤੇ 'ਅਪ੍ਰੇਸ਼ਨ ਸਿੰਧੂਰ' ਰਾਹੀਂ ਹਮਲਾ ਕਰਕੇ ਸਿਖਲਾਈ ਸੈਂਟਰ ਤਬਾਹ ਕਰ ਦਿੱਤੇ। ਫਿਰ ਪਾਕਿਸਤਾਨ ਦੇ 6 ਏਅਰ ਬੇਸ ਵੀ ਤਬਾਹ ਕਰ ਦਿੱਤੇ। ਪਾਕਿਸਤਾਨ ਨੇ ਵੀ ਭਾਰਤ 'ਤੇ ਡਰੋਨਾ ਨਾਲ ਹਮਲੇ ਕੀਤੇ। ਇੱਕ ਕਿਸਮ ਨਾਲ ਦੋਹਾਂ ਦੇਸ਼ਾਂ ਦਰਮਿਆਨ ਲੜਾਈ ਸ਼ੁਰੂ ਹੋ ਗਈ। ਐਲ ਓ ਸੀ 'ਤੇ ਵੀ ਗੋਲਾਬਾਰੀ ਹੁੰਦੀ ਰਹੀ। ਪੁਣਛ ਵਿੱਚ ਪਾਕਿਸਤਾਨ ਨੇ ਭਾਰਤ ਦਾ ਨੁਕਸਾਨ ਕੀਤਾ। ਇੱਕ ਕਿਸਮ ਨਾਲ ਦਹਿਸ਼ਤ ਦਾ ਮਾਹੌਲ ਬਣ ਗਿਆ। 'ਅਪ੍ਰੇਸ਼ਨ ਸਿੰਧੂਰ' ਕਰਨਾ ਬਿਲਕੁਲ ਜ਼ਾਇਜ ਸੀ ਪ੍ਰੰਤੂ ਇਸ ਨਾਲ ਬਦਲਾ ਤਾਂ ਲੈ ਲਿਆ ਪ੍ਰੰਤੂ ਜੇਕਰ ਜੰਗ ਜ਼ਾਰੀ ਰਹਿੰਦੀ ਤਾਂ ਬਹੁਤ ਸਾਰੀਆਂ ਇਸਤਰੀਆਂ ਦੇ ਸਿੰਧੂਰ ਲਹਿ ਜਾਣੇ ਸਨ। 10 ਮਈ ਨੂੰ ਸ਼ਾਮ 5-00 ਵਜੇ ਅਮਰੀਕਾ ਦੀ ਵਿਚੋਲਗੀ ਨਾਲ ਜੰਗ-ਬੰਦੀ ਦਾ ਦੋਹਾਂ ਦੇਸ਼ਾਂ ਨੇ ਐਲਾਨ ਕਰ ਦਿੱਤਾ, ਇਸ ਤੋਂ ਬਾਅਦ ਸ਼ੋਸ਼ਲ ਮੀਡੀਆ 'ਤੇ ਦੋਹਾਂ ਦੇਸ਼ਾਂ ਵੱਲੋਂ ਆਪੋ ਆਪਣੀ ਜਿੱਤ ਦੇ ਦਾਅਵੇ ਹੋਣ ਲੱਗ ਪਏ। ਭਾਰਤ ਵਿੱਚ ਕੁਝ ਲੋਕਾਂ ਨੇ ਜੰਗ-ਬੰਦੀ ਦਾ ਸਵਾਗਤ ਕੀਤਾ, ਪ੍ਰੰਤੂ ਕੁਝ ਲੋਕਾਂ ਨੇ ਭਾਰਤ ਵੱਲੋਂ ਅਮਰੀਕਾ ਦੀ ਵਿਚੋਲਗੀ 'ਤੇ ਸਵਾਲ ਚੁੱਕਦਿਆਂ ਇਸਨੂੰ ਭਾਰਤ ਦੇ ਹਿੱਤ ਵਿਰੁੱਧ ਕਿਹਾ, ਸਗੋਂ ਇਸਨੂੰ ਭਾਰਤ ਦੀ ਹਾਰ ਦੇ ਰੂਪ ਵਿੱਚ ਪ੍ਰਚਾਰਿਆ ਗਿਆ। ਜੋ ਸਰਾਸਰ ਗ਼ਲਤ ਹੈ, ਡੀਫੈਂਸ ਪੜਚੋਲਕਾਰਾਂ ਅਨੁਸਾਰ ਜੰਗ-ਬੰਦੀ ਨੂੰ ਜਿੱਤ-ਹਾਰ ਤੇ ਨਫ਼ਾ-ਨੁਕਸਾਨ ਦੇ ਤੌਰ 'ਤੇ ਨਹੀਂ ਵੇਖਣਾ ਚਾਹੀਦਾ। ਜੰਗ-ਬੰਦੀ ਦੇਸ਼ ਦੀ ਆਰਥਿਕਤਾ ਲਈ ਲਾਹੇਬੰਦ ਹੁੰਦੀ ਹੈ। ਲੋਕ ਆਪਣਾ ਰੋਜ ਮਰ੍ਹਾ ਦਾ ਕਾਰੋਬਾਰ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰਨ ਦੇ ਸਮਰੱਥ ਹੁੰਦੇ ਹਨ। ਜੰਗ ਦੌਰਾਨ ਜਨ-ਜੀਵਨ ਵਿੱਚ ਖੜੋਤ ਆ ਜਾਂਦੀ ਹੈ। ਕਰਫਿਊ ਤੇ ਬਲੈਕ ਆਊਟ ਕਾਰੋਬਾਰ ਬੰਦ ਕਰ ਦਿੰਦੀ ਹੈ। ਜਾਨ-ਮਾਲ ਦਾ ਵੱਖਰਾ ਨੁਕਸਾਨ ਹੁੰਦਾ ਹੈ। ਮਨੁੱਖੀ ਜੀਵਨ ਦਾ ਬਚਾਓ ਸਭ ਤੋਂ ਵੱਡੀ ਪ੍ਰਾਪਤੀ ਹੁੰਦਾ ਹੈ। ਲੋਕਾਂ ਦਾ ਸੁੱਖ-ਚੈਨ ਖ਼ਤਮ ਹੋ ਜਾਂਦਾ ਹੈ। ਜੰਗ-ਬੰਦੀ ਦੇਸ਼ ਅਤੇ ਲੋਕਾਂ ਦੇ ਹਿੱਤ ਵਿੱਚ ਹੁੰਦੀ ਹੈ। ਸਰਕਾਰਾਂ ਦਾ ਮੰਤਵ ਵੀ ਲੋਕ ਹਿੱਤਾਂ 'ਤੇ ਪਹਿਰਾ ਦੇਣਾ ਹੁੰਦਾ ਹੈ। ਭਾਰਤ ਲਈ ਜੰਗ-ਬੰਦੀ ਇਸ ਕਰਕੇ ਵੀ ਜ਼ਰੂਰੀ ਹੈ ਕਿ ਉਸ ਦੇ ਲਗਪਗ ਸਾਰੇ ਗੁਆਂਢੀ ਦੇਸ਼ਾਂ ਦੇ ਭਾਰਤ ਨਾਲ ਸੰਬੰਧ ਸਾਜਗਾਰ ਨਹੀਂ ਹਨ। ਚੀਨ ਹਮੇਸ਼ਾ ਭਾਰਤ ਲਈ ਖ਼ਤਰਾ ਬਣਿਆਂ ਰਹਿੰਦਾ ਭਾਰਤ ਖਾਸ ਤੌਰ 'ਤੇ ਪੰਜਾਬ ਨੇ 1947 ਵਿੱਚ ਦੇਸ ਦੀ ਵੰਡ, 1965 ਚੀਨ ਨਾਲ ਜੰਗ, 1971 ਪਾਕਿਸਤਾਨ ਨਾਲ ਲੜਾਈ, ਕਾਰਗਿੱਲ, ਪੁਲਵਾਮਾ ਤੇ ਹੁਣ ਪਹਿਲਗਾਮ ਦੇ ਭਿਆਨਕ ਨਤੀਜਿਆਂ ਦਾ ਸੰਤਾਪ ਭੋਗਿਆ ਹੈ। ਹਜ਼ਾਰਾਂ ਫ਼ੌਜੀਆਂ ਅਤੇ ਸਿਵਲੀਅਨ ਦਾ ਖ਼ੂਨ ਡੁਲ੍ਹਿਆ, ਇਸਤਰੀਆਂ ਵਿਧਵਾ ਹੋਈਆਂ, ਮਾਵਾਂ ਦੇ ਪੁੱਤ ਸ਼ਹੀਦ ਹੋਏ, ਭੈਣਾਂ ਭਰਾਵਾਂ ਦੇ ਰੱਖੜੀਆਂ ਬੰਨ੍ਹਣ ਤੋਂ ਰਹਿ ਗਈਆਂ ਤੇ ਬੱਚੇ ਮਾਤਾ ਪਿਤਾ ਤੋਂ ਵਾਂਝੇ ਹੋ ਗਏ। 1971 ਦੀ ਜੰਗ ਵਿੱਚ ਪਾਕਿਸਤਾਨਦਾ ਨੁਕਸਾਨ ਬਹੁਤ ਹੀ ਜਿਜ਼ਆਦ ਹੋਇਆ। ਪਾਕਿਸਤਾਨ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਬੰਗਲਾ ਦੇਸ ਪਾਕਿਸਤਾਨ ਨਾਲੋਂ ਵੱਖ ਹੋ ਗਿਆ। ਪਾਕਿਸਤਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਉਸਦੇ 93000 ਫ਼ੌਜੀਆਂ ਨੇ ਜਨਰਲ ਜਗਜੀਤ ਸਿੰਘ ਅਰੋੜਾ ਅੱਗੇ ਹਥਿਆਰ ਸੁੱਟ ਦਿੱਤੇ। ਪਾਕਿਸਤਾਨ ਇਤਨੀ ਬੁਰੀ ਤਰ੍ਹਾਂ ਹਾਰ ਤੇ ਨੁਕਸਾਨ ਕਰਵਾਉਣ ਤੋਂ ਬਾਅਦ ਵੀ ਸੁਧਰਨ ਦਾ ਨਾਮ ਨਹੀਂ ਲੈ ਰਿਹਾ। ਮਨੁੱਖਤਾ ਦਾ ਖ਼ੂਨ ਡੁਲ੍ਹਦਾ ਹੈ। ਅਸਲ ਵਿੱਚ ਪਾਕਿਸਤਾਨ ਵਿੱਚ ਲੋਕਾਂ ਦੀ ਸਰਕਾਰ 'ਤੇ ਫ਼ੌਜ ਭਾਰੂ ਹੈ। ਉਥੇ ਫ਼ੌਜ ਦੀ ਹੀ ਪੁਗਦੀ ਹੈ। ਫ਼ੌਜ ਅਜਿਹੇ ਪੰਗੇ ਛੇੜੀ ਰੱਖਦੀ ਹੈ ਤਾਂ ਜੋ ਸਰਕਾਰ ਨੂੰ ਆਪਣੇ ਥੱਲੇ ਲਾ ਕੇ ਰੱਖ ਸਕੇ। ਜੰਗ ਕੋਈ ਖੇਡ ਨਹੀਂ ਹੁੰਦੀ। ਅੱਤਵਾਦੀਆਂ ਨੂੰ ਵੀ ਪਤਾ ਹੁੰਦਾ ਹੈ ਕਿ ਉਨ੍ਹਾਂ ਦੀ ਉਮਰ ਬਹੁਤੀ ਲੰਬੀ ਨਹੀਂ ਹੁੰਦੀ ਪ੍ਰੰਤੂ ਪਾਕਿਸਤਾਨ ਸਰਕਾਰ ਦੀ ਪੁਸਸ਼ ਪਨਾਹੀ ਹੋਣ ਕਰਕੇ ਗੁਮਰਾਹ ਹੋ ਕੇ ਫਿਰ ਵੀ ਉਹ ਅਜਿਹੇ ਕੰਮ ਕਰਦੇ ਰਹਿੰਦੇ ਹਨ। ਇਸ ਤੋਂ ਇਲਾਵਾ ਪੰਜਾਬ ਨੇ 1980ਵਿਆਂ ਵਿੱਚ ਪਾਕਿਸਤਾਨ ਦੀ ਸ਼ਹਿ 'ਤੇ ਕਥਿਤ ਅਤਵਾਦੀਆਂ ਤੇ ਸਰਕਾਰਾਂ ਦੀਆਂ ਜ਼ਿਆਦਤੀਆਂ ਦਾ ਸੰਤਾਪ ਭੋਗਿਆ। ਪੰਜਾਬ ਦੀ ਨੌਜਵਾਨੀ ਦਾ ਘਾਣ ਹੋਇਆ। ਇਸੇ ਤਰ੍ਹਾਂ 1984 ਵਿੱਚ ਦਿੱਲੀ ਅਤੇ ਦੇਸ ਦੇ ਹੋਰ ਹਿੱਸਿਆਂ ਵਿੱਚ ਸਿੱਖ ਨਸਲਕੁਸ਼ੀ ਹੋਈ, ਜਿਸ ਦਾ ਦੁੱਖ ਅੱਜ ਤੱਕ ਪੰਜਾਬੀਆਂ/ਸਿੱਖਾਂ ਦੇ ਅੱਲੇ ਜ਼ਖਮਾਂ ਵਿੱਚੋਂ ਰਿਸ ਰਿਹਾ ਹੈ। ਇਨ੍ਹਾਂ ਜੰਗਾਂ ਅਤੇ ਦੁਰਘਟਨਾਵਾਂ ਦਾ ਸਭ ਤੋਂ ਵੱਧ ਨੁਕਸਾਨ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਹੋਇਆ ਹੈ, ਜਿਨ੍ਹਾਂ ਨੇ ਆਪਣੇ ਪਿੰਡੇ ਤੇ ਸਾਰਾ ਕੁਝ ਹੰਢਾਇਆ ਹੈ। ਇਨ੍ਹਾਂ ਪੰਜਾਬੀਆਂ ਨੂੰ ਪੁੱਛੋ ਜੰਗ ਦਾ ਕੀ ਨੁਕਸਾਨ ਹੁੰਦਾ ਹੈ? ਪੰਜਾਬੀ ਜੰਗ-ਬੰਦੀ ਦਾ ਸਵਾਗਤ ਕਰਦੇ ਹਨ। ਉਹ ਦੋਵੇਂ ਦੇਸਾਂ ਦੇ ਸਿਆਸਤਦਾਨਾ ਨੂੰ ਪੰਜਾਬੀਆਂ ਦੇ ਦੁੱਖ ਨੂੰ ਮਹਿਸੂਸ ਕਰਦਿਆਂ ਕੂਟਨੀਤਕ ਸੰਬੰਧਾਂ ਨਾਲ ਸਾਰੇ ਮਸਲੇ ਹੱਲ ਕਰਨ। ਕਿਸੇ ਵੀ ਦੇਸ਼ ਦੇ ਲੋਕਾਂ ਦਾ ਖ਼ੂਨ ਅਜਾਈਂ ਨਹੀਂ ਡੁਲ੍ਹਣਾ ਚਾਹੀਦਾ। ਪਾਕਿਸਤਾਨ ਦੀ ਆਰਥਿਕ ਹਾਲਤ ਡਾਵਾਂਡੋਲ ਹੈ, ਪ੍ਰੰਤੂ ਭਾਰਤ ਦੀ ਵੀ ਬਹੁਤੀ ਚੰਗੀ ਨਹੀਂ ਉਹ ਵੀ ਕਰਜ਼ਈ ਹੋਇਆ ਪਿਆ ਹੈ। ਸੰਸਾਰ ਦੇ ਵੱਡੇ ਦੇਸ਼ ਆਪੋ ਆਪਣੇ ਹਥਿਆਰ ਵੇਚਣ ਲਈ ਦੋਹਾਂ ਦੇਸਾਂ ਦੀ ਆਰਥਿਕਤਾ ਨੂੰ ਢਾਅ ਲਾ ਰਹੇ ਹਨ। ਰੂਸ ਜਿਸਨੂੰ ਭਾਰਤ ਆਪਣਾ ਹਮਦਰਦ ਕਹਿੰਦਾ ਹੈ, ਉਹ ਪਾਕਿਸਤਾਨ ਨੂੰ ਵੀ ਹਥਿਆਰ ਵੇਚਦਾ ਹੈ। ਹੀਰੋਸੀਮਾ ਤੇ ਨਾਗਾ ਸਾਕੀ ਦੇ ਪ੍ਰਮਾਣੂ ਹਮਲੇ ਦਾ ਭੂਤ ਅਜੇ ਤੱਕ ਮੰਡਰਾ ਰਿਹਾ ਹੈ, ਡੀਫੈਂਸ ਪੜਚੋਲਕਾਰਾਂ ਦੀ ਰਾਏ ਹੈ ਕਿ ਅਮਰੀਕਾ ਭਾਂਪ ਗਿਆ ਸੀ ਕਿ ਜੇਕਰ ਕਿਸੇ ਇੱਕ ਦੇਸ ਨੇ ਅਣਗਹਿਲੀ ਵਰਤ ਲਈ ਤਾਂ ਸੰਸਾਰ ਜੰਗ ਲੱਗ ਸਕਦੀ ਹੈ, ਸੰਸਾਰ ਆਰਥਿਕ ਮੰਦਹਾਲੀ ਵਿੱਚ ਤਾਂ ਪਹੁੰਚੇਗਾ ਹੀ ਪ੍ਰੰਤੂ ਪ੍ਰਮਾਣੂੰ ਖ਼ਤਰਾ ਸਭ ਤੋਂ ਵੱਧ ਨੁਕਸਾਨਦਾਇਕ ਹੋ ਸਕਦਾ ਹੈ, ਕਿਉਂਕਿ ਭਾਰਤ ਤੇ ਪਾਕਿਸਤਾਨ ਦੋਹਾਂ ਦੇਸਾਂ ਕੋਲ ਪ੍ਰਮਾਣੂ ਸ਼ਕਤੀ ਹੈ। ਰੂਸ ਅਤੇ ਯੂਕਰੇਨ ਦੀ ਲੜਾਈ ਖ਼ਤਮ ਹੋਣ ਵਿੱਚ ਨਹੀਂ ਆ ਰਹੀ। ਇਹ ਅਹੰਕਾਰ ਦੀ ਲੜਾਈ ਨਹੀਂ ਸਗੋਂ ਸ਼ਾਂਤੀ ਦਾ ਮਸਲਾ ਹੈ। ਜਿਹੜੇ ਲੋਕ ਸ਼ੋਸ਼ਲ ਮੀਡੀਆ 'ਤੇ ਬੈਠਕੇ ਡੀਂਗਾਂ ਮਾਰ ਰਹੇ ਹਨ ਤੇ ਲੜਾਈ ਜਾਰੀ ਰੱਖਣ ਲਈ ਉਕਸਾ ਰਹੇ ਹਨ, ਉਨ੍ਹਾਂ ਨੂੰ ਜੰਗ ਦੇ ਸੰਤਾਪ ਬਾਰੇ ਤਜਰਬਾ ਨਹੀਂ। ਸਰਹੱਦਾਂ 'ਤੇ ਜਦੋਂ ਸਾਡੇ ਸੈਨਿਕ ਸ਼ਹੀਦ ਹੁੰਦੇ ਹਨ ਤਾਂ ਕਿਤਨੇ ਘਰਾਂ ਵਿੱਚ ਮਾਤਮ ਦੀਆਂ ਸਫਾਂ ਵਿਛ ਜਾਂਦੀਆਂ ਹਨ। ਸ਼ੋਸ਼ਲ ਮੀਡੀਆ ਤੇ ਪੋਸਟਾਂ ਪਾ ਕੇ ਦਮਗਜ਼ੇ ਮਾਰਨੇ ਸੌਖੇ ਹਨ, ਪ੍ਰੰਤੂ ਸਰਹੱਦਾਂ ਤੇ ਜਾ ਕੇ ਲੜਨਾ ਅਤਿ ਮੁਸ਼ਕਲ ਹੁੰਦਾ ਹੈ। ਫ਼ੌਜੀ ਭਰਾ ਕੜਾਕੇ ਦੀ ਠੰਡ ਵਿੱਚ ਲੜਦੇ ਹਨ। ਪੀਣ ਲਈ ਪਾਣੀ ਨਹੀਂ ਮਿਲਦਾ, ਬਰਫ ਨੂੰ ਪਿਘਲਾ ਕੇ ਪਾਣੀ ਪੀਂਦੇ ਹਨ। ਅਸੀਂ ਘਰਾਂ ਵਿੱਚ ਬੈਠੇ ਗੱਲਾਂ ਕਰਨ ਜੋਗੇ ਹਾਂ। ਇਸਤੋਂ ਇਲਾਵਾ ਜਿਹੜੇ ਸਰਹੱਦੀ ਪਿੰਡਾਂ ਦੇ ਲੋਕ ਕਿਸਾਨ ਰਹਿੰਦੇ ਹਨ, ਉਨ੍ਹਾਂ ਨੂੰ ਪੁੱਛੋ ਕਿਵੇਂ ਉਨ੍ਹਾਂ ਦੇ ਸਿਰਾਂ 'ਤੇ ਮੌਤ ਦਾ ਸਾਇਆ ਲਟਕਦਾ ਰਹਿੰਦਾ ਹੈ। ਉਹ ਹਮੇਸ਼ਾ ਤਲਵਾਰ ਦੀ ਨੋਕ 'ਤੇ ਜ਼ਿੰਦਗੀ ਬਸਰ ਕਰ ਰਹੇ ਹਨ। ਹਰ ਵਕਤ ਮੌਤ ਦਾ ਡਰ ਹੁੰਦਾ ਹੈ। ਬਿਲਕੁਲ ਇਸੇ ਤਰ੍ਹਾਂ ਟੀ ਵੀ ਅਤੇ ਵੈਬ ਚੈਨਲਾਂ ਵਾਲਿਆਂ ਨੂੰ ਵੀ ਕੜਕ-ਕੜਕ ਕੇ ਲੋਕਾਂ ਨੂੰ ਉਕਸਾਉਣਾ ਨਹੀਂ ਚਾਹੀਦਾ। ਗ਼ਲਤ ਤੇ ਗੁੰਮਰਾਹਕੁਨ ਬਿਨਾ ਕਨਫਰਮ ਕੀਤੇ ਖ਼ਬਰਾਂ ਵੀ ਨਹੀਂ ਲਗਾਉਣੀਆਂ ਚਾਹੀਦੀਆਂ। ਅਖ਼ਬਾਰਾਂ ਦੇ ਪ੍ਰਤੀਨਿਧਾਂ ਨੂੰ ਵੀ ਖ਼ਬਰਾਂ ਭੇਜਣ ਲੱਗੇ ਸੁਣੀਆਂ ਸੁਣਾਈਆਂ ਖ਼ਬਰਾਂ ਨਹੀਂ ਲਗਾਉਣੀਆਂ ਚਾਹੀਦੀਆਂ। ਕੁਝ ਦੇਸ ਵਿਰੋਧੀ ਲੋਕ ਅਫ਼ਵਾਹਾਂ ਫੈਲਾਉਂਦੇ ਰਹਿੰਦੇ ਹਨ, ਜਿਹੜੀਆਂ ਲੋਕਾਂ ਵਿੱਚ ਡਰ ਪੈਦਾ ਕਰਦੀਆਂ ਹਨ। ਇਸ ਲਈ ਸਾਰਿਆਂ ਨੂੰ ਸੰਜੀਦਗੀ ਤੋਂ ਕੰਮ ਲੈਣਾ ਚਾਹੀਦਾ ਹੈ।

ਪਹਿਲਗਾਮ ਵਿਖੇ ਮਾਰੇ ਗਏ ਸੈਲਾਨੀਆਂ ਦਾ ਦੁੱਖ ਹਰ ਭਾਰਤੀ ਨੂੰ ਹੈ, ਪ੍ਰੰਤੂ ਸਮੇਂ ਦੀ ਨਜ਼ਾਕਤ ਅਤੇ ਦੇਸ ਦੀ ਸਰਕਾਰ ਦੀਆਂ ਹਦਾਇਤਾਂ ਦੀ ਪਹਿਰੇਦਾਰੀ ਕਰਨਾ ਹਰ ਭਾਰਤੀ ਦਾ ਫ਼ਰਜ਼ ਬਣਦਾ ਹੈ।

# ਪਾਕਿਸਤਾਨ ਵਿੱਚ ਚੱਲ ਰਹੇ ਅੱਤਵਾਦੀ ਟਰੇਨਿੰਗ ਸੈਂਟਰ ਜੋ ਉਪਰੇਸ਼ਨ ਸਿੰਧੂਰ ਦੁਆਰਾ ਤਬਾਹ ਕੀਤੇ ਗਏ



ਬਲਰਾਜ ਸਿੰਘ ਸਿੱਧੂ
ਏ.ਆਈ.ਜੀ.(ਰਿਟਾ)
ਮੋ. 9501100062

ਉਪਰੇਸ਼ਨ ਸਿੰਧੂਰ ਦੀ ਭਾਰੀ ਸਫਲਤਾ ਨਾਲ ਭਾਰਤ ਅਮਰੀਕਾ (ਉਪਰੇਸ਼ਨ ਨੈਪਚਿਊਨ ਸਪੀਅਰ 2011, ਜਿਸ ਨਾਲ ਪਾਕਿਸਤਾਨ ਵਿੱਚ ਉਸਾਮਾ ਬਿਨ ਲਾਦੇਨ ਨੂੰ ਮਾਰਿਆ ਗਿਆ ਅਤੇ ਉਪਰੇਸ਼ਨ ਇਨਫਿਨਟ 1998, ਜਿਸ ਦੌਰਾਨ ਕੀਨੀਆਂ ਅਤੇ ਤਨਜ਼ਾਨੀਆਂ ਵਿੱਚ ਅਮਰੀਕੀ ਦੂਤ ਘਰਾਂ 'ਤੇ ਕੀਤੇ ਗਏ ਬੰਬ ਧਮਾਕਿਆਂ ਦਾ ਬਦਲਾ ਲੈਣ ਲਈ ਸੂਡਾਨ ਅਤੇ ਅਫਗਾਨਿਸਤਾਨ ਵਿਚਲੇ ਅਲ ਕਾਇਦਾ ਦੇ ਅੱਡਿਆਂ 'ਤੇ ਇੱਕੋ ਸਮੇਂ ਮਿਜ਼ਾਈਲਾਂ ਦਾਗ ਕੇ ਸੈਂਕੜੇ ਅੱਤਵਾਦੀਆਂ ਨੂੰ ਮਾਰਿਆ ਗਿਆ ਸੀ), ਰੂਸ (ਅਗਸਤ 2002 ਵਿੱਚ ਚੇਚਨ ਅੱਤਵਾਦੀਆਂ ਦੇ ਜਾਰਜੀਆ ਵਿਖੇ ਟਿਕਾਣੇ ਮਿਜ਼ਾਈਲਾਂ ਨਾਲ ਤਬਾਹ ਕੀਤੇ ਗਏ ਸਨ), ਇਜ਼ਰਾਈਲ (ਉਪਰੇਸ਼ਨ ਐਨਟੈਬੇ 1976, ਇਸ ਉਪਰੇਸ਼ਨ ਰਾਹੀਂ ਯੁਗਾਂਡਾ ਦੇ ਤਤਕਾਲੀ ਰਾਸ਼ਟਰਪਤੀ ਦੀ ਸ਼ਹਿ 'ਤੇ ਇਜ਼ਰਾਈਲੀਆਂ ਨਾਲ ਭਰੇ ਏਅਰ ਫਰਾਂਸ ਦੇ ਹਵਾਈ ਜਹਾਜ਼ ਨੂੰ ਐਨਟੈਬੇ ਹਵਾਈ ਅੱਡੇ ਤੋਂ ਸਫਲਤਾ ਪੂਰਵਕ ਅਜ਼ਾਦ ਕਰਵਾਇਆ ਗਿਆ ਸੀ ਅਤੇ ਉਪਰੇਸ਼ਨ ਸਪਰਿੰਗ ਆਫ ਯੂਥ 1973, ਜਿਸ ਅਧੀਨ 1972 ਮਿਊਨਿਖ ਉਲੰਪਿਕ ਸਮੇਂ ਇਜ਼ਰਾਈਲੀ ਖਿਡਾਰੀਆਂ ਦੀ ਹੱਤਿਆ ਕਰਨ ਦੀ ਸਾਜ਼ਿਸ਼ ਘੜਨ ਵਾਲੇ ਫਲਸਤੀਨ ਲਿਬਰੇਸ਼ਨ ਆਰਗੇਨਾਈਜ਼ੇਸ਼ਨ ਦੇ ਚੋਟੀ ਦੇ ਕਮਾਂਡਰ ਕਮਾਲ ਅਦਵਾਨ, ਮੁਹੰਮਦ ਯੂਸਫ ਨਜ਼ਰ ਅਤੇ ਕਮਾਲ ਨਾਸਰ ਦੀ ਇੱਕ ਗੁਰੀਲਾ ਹਮਲੇ ਰਾਹੀਂ ਹੱਤਿਆ ਕਰ ਦਿੱਤੀ ਗਈ ਸੀ) ਅਤੇ ਕੋਲੰਬੀਆ (ਉਪਰੇਸ਼ਨ ਫੀਨਿਕਸ 2008, ਜਿਸ ਦੌਰਾਨ ਗੁਆਂਢੀ ਦੇਸ਼ ਐਕੂਆਡੋਰ ਵਿੱਚ ਕਮਾਂਡੋ ਹਮਲਾ ਕਰ ਕੇ ਫਾਰਕ ਅੱਤਵਾਦੀ ਜਥੇਬੰਦੀ ਦੇ ਮੁਖੀ ਰਾਊਫ ਰੇਈਜ਼ ਅਤੇ 100 ਦੇ ਕਰੀਬ ਹੋਰ ਅੱਤਵਾਦੀਆਂ ਨੂੰ ਮਾਰ ਦਿੱਤਾ ਗਿਆ ਸੀ), ਆਦਿ ਵਰਗੇ ਦੇਸ਼ਾਂ ਵਿੱਚ ਸ਼ਾਮਲ ਹੋ ਗਿਆ ਹੈ ਜਿੰਨ੍ਹਾਂ ਨੇ ਫੌਜੀ ਕਾਰਵਾਈ ਕਰ ਕੇ ਦੂਸਰੇ ਦੇਸ਼ਾਂ ਵਿੱਚ ਅੱਤਵਾਦੀਆਂ ਦੇ ਟਿਕਾਣੇ ਨਸ਼ਟ ਕੀਤੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਨੇ ਆਖਰ ਇਹ ਟਿਕਾਣੇ ਹੀ ਕਿਉਂ ਚੁਣੇ? ਇਨ੍ਹਾਂ ਟਿਕਾਣਿਆਂ ਬਾਰੇ ਜਾਣਕਾਰੀ ਇਸ ਤਰਾਂ ਹੈ -

**ਮਰਕਜ਼ ਸੁਭਾਨ ਅੱਲ੍ਹਾ** - ਜੈਸ਼ੇ ਮੁਹੰਮਦ ਦਾ ਹੈੱਡਕਵਾਟਰ ਮਰਕਜ਼ ਸੁਭਾਨ ਅੱਲ੍ਹਾ 2015 ਵਿੱਚ ਸਥਾਪਿਤ ਕੀਤਾ ਗਿਆ ਸੀ ਜਿੱਥੇ ਜੈਸ਼ੇ ਮੁਹੰਮਦ ਦੇ ਅੱਤਵਾਦੀਆਂ ਨੂੰ ਮਿਲਟਰੀ ਅਤੇ ਧਾਰਮਿਕ ਕੱਟੜਤਾ ਦੀ ਟਰੇਨਿੰਗ ਦਿੱਤੀ ਜਾਂਦੀ ਹੈ। 2019 ਵਿੱਚ ਪੁਲਵਾਮਾ ਵਿਖੇ ਸੀ.ਆਰ.ਪੀ.ਐਫ. 'ਤੇ ਹਮਲਾ ਕਰਨ ਦੀ ਸਾਰੀ ਯੋਜਨਾ ਬੰਦੀ ਇੱਥੇ ਹੀ ਕੀਤੀ ਗਈ ਸੀ। ਬਹਾਵਲਪੁਰ (ਪਾਕਿਸਤਾਨੀ ਪੰਜਾਬ) ਵਿਖੇ ਤਕਰੀਬਨ 15 ਏਕੜ ਇਲਾਕੇ ਵਿੱਚ ਸਥਿੱਤ ਇਸ ਟਰੇਨਿੰਗ ਸੈਂਟਰ ਵਿੱਚ ਹੀ ਜੈਸ਼ੇ ਮੁਹੰਮਦ ਦੇ ਮੁਖੀ ਮੌਲਾਨਾ ਮਸੂਦ ਅਜ਼ਹਰ ਸਮੇਤ ਹੋਰ ਚੋਟੀ ਦੇ ਕਮਾਂਡਰਾਂ ਦੀ ਰਿਹਾਇਸ਼ ਹੈ ਜਿਸ ਕਾਰਨ ਮਸੂਦ ਅਜ਼ਹਰ ਦੇ ਪਰਿਵਾਰ ਦੇ 10 ਮੈਂਬਰ ਉਪਰੇਸ਼ਨ ਸਿੰਧੂਰ ਦੌਰਾਨ ਮਾਰੇ ਗਏ ਹਨ। ਮਸੂਦ ਅਜ਼ਹਰ ਨੇ ਇੱਥੋਂ ਹੀ ਅਨੇਕਾਂ ਪ੍ਰੈੱਸ ਕਾਨਫਰੰਸਾਂ ਅਤੇ ਸੋਸ਼ਲ ਮੀਡੀਆ ਵੀਡੀਉ ਜਾਰੀ ਕੀਤੇ ਸਨ ਜਿਨ੍ਹਾਂ ਰਾਹੀਂ ਭਾਰਤ ਵਿਰੁੱਧ ਜ਼ਹਿਰ ਉਗਲਿਆ ਜਾਂਦਾ ਹੈ ਤੇ ਨੌਜਵਾਨਾਂ ਨੂੰ ਜ਼ੇਹਾਦ ਵਿੱਚ ਸ਼ਾਮਲ ਹੋਣ ਲਈ ਗੁੰਮਰਾਹ ਕੀਤਾ ਜਾਂਦਾ ਹੈ।

**ਮਰਕਜ਼ ਤਾਇਬਾ, ਮੁਰੀਦਕੇ** -ਇਸ ਮਰਕਜ਼ ਦੀ ਸਥਾਪਨਾ ਲਾਹੌਰ ਤੋਂ ਕਰੀਬ 35 ਕਿ.ਮੀ. ਦੂਰ ਸੰਨ 2000 ਵਿੱਚ ਕੀਤੀ ਗਈ ਸੀ ਤੇ ਇਹ ਲਸ਼ਕਰੇ ਤਾਇਬਾ ਦਾ ਹੈੱਡਕਵਾਟਰ ਅਤੇ ਮੁੱਖ ਟਰੇਨਿੰਗ ਸੈਂਟਰ ਹੈ। ਇਹ ਪਾਕਿਸਤਾਨ ਦਾ ਸਭ ਤੋਂ ਵੱਡਾ ਅੱਤਵਾਦੀ ਟਰੇਨਿੰਗ ਸੈਂਟਰ (ਖੇਤਰਫਲ ਕਰੀਬ 200 ਏਕੜ) ਹੈ। ਇੱਥੇ ਵੀ ਮੁੱਖ ਤੌਰ 'ਤੇ ਪਾਕਿਸਤਾਨੀ ਅਤੇ ਵਿਦੇਸ਼ੀ ਨੌਜਵਾਨਾਂ ਨੂੰ ਧਾਰਮਿਕ ਕੱਟੜਤਾ ਅਤੇ ਗੁਰੀਲਾ ਯੁੱਧ ਦੀ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਭਾਰਤ ਖਿਲਾਫ ਵੱਡੀਆਂ ਕਾਰਵਾਈਆਂ ਕਰਨ ਦੇ ਮਨਸੂਬੇ ਬਣਾਏ ਜਾਂਦੇ ਹਨ। ਇਹ ਹਰੇਕ ਸਾਲ ਕਰੀਬ 2000 ਦੇਸੀ ਵਿਦੇਸ਼ੀ ਅੱਤਵਾਦੀਆਂ ਨੂੰ ਟਰੇਨਿੰਗ ਦੇਂਦਾ ਹੈ ਜਿਸ ਕਾਰਨ ਇਹ ਅੱਤਵਾਦੀ ਪੈਦਾ ਕਰਨ ਵਾਲੀ ਵਿਸ਼ਵ ਦੀ ਸਭ ਤੋਂ ਵੱਡੀ ਨਰਸਰੀ ਵੱਜੋਂ ਉੱਭਰਿਆ ਹੈ। ਲਸ਼ਕਰੇ ਤਾਇਬਾ ਦੇ ਮੁਖੀ ਜ਼ਾਕਿਰ ਰਹਿਮਾਨ ਲਖਵੀ ਦੇ ਉਸਾਮਾ ਬਿਨ ਲਾਦੇਨ ਨਾਲ ਬਹੁਤ ਗੂੜ੍ਹੇ ਸਬੰਧ ਸਨ ਜਿਸ ਕਾਰਨ ਲਾਦੇਨ ਨੇ ਇੱਥੇ ਮਸਜਿਦ ਅਤੇ ਰੈਸਟ ਹਾਊਸ ਉਸਾਰਨ ਲਈ ਇੱਕ ਕਰੋੜ ਰੁਪਏ ਦਿੱਤੇ ਸਨ। ਪਾਕਿਸਤਾਨੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਹੁਕਮਾਂ ਅਨੁਸਾਰ ਇਸ ਮਰਕਜ਼ ਨੇ ਅਜ਼ਮਲ ਕਸਾਬ ਸਮੇਤ ਮੁੰਬਈ ਹਮਲਿਆਂ ਦੇ ਦੋਸ਼ੀਆਂ ਨੂੰ ਵੀ ਟਰੇਨਿੰਗ ਦਿੱਤੀ ਸੀ। ਮੁੰਬਈ ਹਮਲਿਆਂ ਦੇ ਸਾਜ਼ਿਸ਼ੀ ਡੇਵਿਡ ਕੋਲਮੈਨ ਹੈਡਲੀ ਅਤੇ ਤਹੱਵੁਰ ਰਾਣਾ ਨੇ ਇੱਥੋਂ ਦਾ ਕਈ ਵਾਰ ਦੌਰਾ ਕੀਤਾ ਸੀ ਤੇ ਹਮਲਾ ਕਰਨ ਜਾ ਰਹੇ ਅੱਤਵਾਦੀਆਂ ਨੂੰ ਮੁੰਬਈ ਦੇ ਤਾਜ ਅਤੇ ਉਬਰਾਏ ਹੋਟਲ ਆਦਿ ਦੀ ਲੋਕੇਸ਼ਨ ਬਾਰੇ ਸਮਝਾਇਆ ਸੀ।

**ਸਰਜਾਲ, ਤੇੜਾ ਕਲਾਂ** - ਪਿੰਡ ਤੇੜਾ ਕਲਾਂ ਪਾਕਿਸਤਾਨੀ ਪੰਜਾਬ ਦੇ ਜਿਲ੍ਹਾ ਨਾਰੋਵਾਲ ਦੀ ਸ਼ਕਰਗੜ੍ਹ ਤਹਿਸੀਲ ਦੇ ਸ਼ਹਿਰ ਚੱਕ ਅਮਰੂ ਦੇ ਨਜ਼ਦੀਕ ਪੈਂਦਾ ਹੈ ਤੇ ਇਹ ਭਾਰਤ ਦੇ ਸਾਂਬਾ ਸੈਕਟਰ (ਜੰਮੂ ਕਸ਼ਮੀਰ) ਤੋਂ ਸਿਰਫ 6 ਕਿ.ਮੀ. ਦੂਰ ਹੈ। ਇਹ ਜੈਸ਼ੇ ਮੁਹੰਮਦ ਦਾ ਇੱਕ ਟਿਕਾਣਾ ਹੈ ਜਿੱਥੇ ਜੰਮੂ ਕਸ਼ਮੀਰ ਵਿੱਚ ਅੱਤਵਾਦ ਫੈਲਾਉਣ ਵਾਲੇ ਜ਼ੇਹਾਦੀਆਂ ਨੂੰ ਟਰੇਨਿੰਗ ਦਿੱਤੀ ਜਾਂਦੀ ਹੈ ਤੇ ਫਿਰ ਗਾਈਡਾਂ ਦੁਆਰਾ ਉਨ੍ਹਾਂ ਨੂੰ ਉੱਥੇ ਪਹੁੰਚਾ ਦਿੱਤਾ ਜਾਂਦਾ ਹੈ। ਇਸ ਦੀ ਮੌਜੂਦਗੀ ਨੂੰ ਗੁਪਤ ਰੱਖਣ ਲਈ ਇਸ ਅੱਡੇ ਨੂੰ ਇੱਕ ਸਰਕਾਰੀ ਹਸਪਤਾਲ ਤੋਂ ਚਲਾਇਆ ਜਾ ਰਿਹਾ ਸੀ ਜਿਸ ਨੂੰ ਉਪਰੇਸ਼ਨ ਸਿੰਧੂਰ ਰਾਹੀਂ ਭਸਮ ਕਰ ਦਿੱਤਾ ਗਿਆ ਹੈ। ਇੱਥੋਂ ਡਰੋਨਾਂ ਦੁਆਰਾ ਕਸ਼ਮੀਰ ਵਿਚ ਸਰਗਰਮ ਅੱਤਵਾਦੀਆਂ ਨੂੰ ਹਥਿਆਰ, ਗੋਲੀ ਸਿੱਕਾ, ਨਸ਼ੀਲੇ ਪਦਾਰਥ ਆਦਿ ਪਹੁੰਚਾਏ ਜਾਂਦੇ ਸਨ। ਇਸ ਦਾ ਕੰਟਰੋਲ ਜੈਸ਼ ਦੇ ਸੀਨੀਅਰ ਮੈਂਬਰਾਂ ਮੁਹੰਮਦ ਅਦਨਾਨ ਅਲੀ, ਕਾਸ਼ਿਫ ਖਾਨ ਅਤੇ ਮੁਫਤੀ ਅਬਦੁਲ ਰਾਊਫ ਦੇ ਅਧੀਨ ਸੀ। ਪਤਾ ਨਹੀਂ ਉਹ ਉਪਰੇਸ਼ਨ ਸਿੰਧੂਰ ਵਿੱਚ ਮਾਰੇ ਗਏ ਹਨ ਕਿ ਨਹੀਂ?

**ਮਹਿਮੂਨਾ ਜੋਆ ਟਿਕਾਣਾ, ਸਿਆਲਕੋਟ** - ਜੋਆ ਟਿਕਾਣਾ ਹਿਜ਼ਬੁਲ ਮੁਜ਼ਾਹਦੀਨ ਦੇ ਅਧੀਨ ਹੈ ਤੇ ਭੁੱਟਾ ਕੋਟਲੀ ਪਿੰਡ ਦੇ ਸਰਕਾਰੀ ਹਸਪਤਾਲ ਤੋਂ ਚਲਾਇਆ ਜਾਂਦਾ ਹੈ। ਇਸ ਅੱਡੇ ਦੀ ਵਰਤੋਂ ਹਿਜ਼ਬੁਲ ਮੁਜ਼ਾਹਦੀਨ ਵੱਲੋਂ ਜੰਮੂ ਸੈਕਟਰ ਵਿੱਚ ਅੱਤਵਾਦੀ ਭੇਜਣ ਲਈ ਕੀਤੀ ਜਾਂਦੀ ਹੈ। ਹਿਜ਼ਬੁਲ ਮੁਜ਼ਾਹਦੀਨ ਦਾ ਮੁਖੀਆ ਸਈਅਦ ਸਲਾਹੁਦੀਨ ਇੱਥੇ ਅਕਸਰ ਹੀ ਵੇਖਿਆ ਜਾਂਦਾ ਤੇ ਇਸ ਅੱਡੇ ਦਾ ਕੰਟਰੋਲ ਮੁਹੰਮਦ ਇਰਫਾਨ ਖਾਨ ਉਰਫ ਇਰਫਾਨ ਟੁੰਡੇ ਕੋਲ ਹੈ। ਜੰਮੂ ਕਸ਼ਮੀਰ ਵਿੱਚ ਭੇਜਣ ਤੋਂ ਪਹਿਲਾਂ ਅੱਤਵਾਦੀਆਂ ਨੂੰ ਇੱਥੇ ਪਹਾੜੀ ਜੰਗ ਦੇ ਦਾਅ ਪੇਚ ਸਿਖਾਏ ਜਾਂਦੇ ਹਨ। ਟੁੰਡੇ ਦੇ ਖਿਲਾਫ ਭਾਰਤ ਵਿੱਚ ਦੋ ਦਰਜ਼ਨ ਦੇ ਕਰੀਬ ਕਤਲਾਂ ਅਤੇ ਅੱਤਵਾਦ ਸਬੰਧੀ ਕੇਸ ਦਰਜ਼ ਹਨ। ਟਰੇਨਿੰਗ ਅਤੇ ਭਾਰਤ ਵਿੱਚ ਘੁਸ ਪੈਠ ਕਰਨ ਦੀ ਉਡੀਕ ਵਿੱਚ ਇੱਥੇ 35 - 40 ਅੱਤਵਾਦੀ ਹਮੇਸ਼ਾਂ ਮੌਜੂਦ ਰਹਿੰਦੇ ਹਨ।

**ਮਰਕਜ਼ ਅਹਿਲੇ ਹਦੀਸ ਬਾਰਨਾਲਾ, ਭਿੰਬਰ** - ਲਸ਼ਕਰੇ ਤਾਇਬਾ ਦਾ ਇਹ ਮਰਕਜ਼ ਕੋਟ ਜ਼ਮਾਲ ਰੋਡ 'ਤੇ ਬਾਰਨਾਲਾ ਸ਼ਹਿਰ ਦੇ ਬਿਲਕੁਲ ਨਜ਼ਦੀਕ ਹੈ ਤੇ ਮਕਬੂਜਾ ਕਸ਼ਮੀਰ ਵਿੱਚ ਸਥਿੱਤ ਹੈ। ਇਸ ਦੀ ਵਰਤੋਂ ਲਸ਼ਕਰ ਦੇ ਅੱਤਵਾਦੀਆਂ ਅਤੇ ਗੋਲਾ ਬਾਰੂਦ ਨੂੰ ਪੁੰਛ, ਰਜੌਰੀ ਅਤੇ ਰਿਆਸੀ ਸੈਕਟਰਾਂ ਵਿੱਚ ਭੇਜਣ ਲਈ ਕੀਤੀ ਜਾਂਦੀ ਹੈ। ਇਹ ਮਰਕਜ਼ ਇੱਕ ਪੜਾਉ ਵਰਗਾ ਹੈ ਜਿੱਥੇ ਅੱਤਵਾਦੀ ਭਾਰਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਉਡੀਕ ਕਰਦੇ ਹਨ। ਇੱਥੇ 200 - 250 ਅੱਤਵਾਦੀਆਂ ਦੇ ਠਹਿਰਨ ਅਤੇ ਖਾਣ ਪੀਣ ਦੀ ਸਹੂਲਤ ਹੈ। ਲਸ਼ਕਰ ਦੇ ਅੱਤਵਾਦੀ ਕਾਸਿਮ ਗੁੱਜਰ, ਕਾਸਿਮ ਖੰਡਾ ਅਤੇ ਅਨਸ ਜਰਾਰ ਇਸ ਮਰਕਜ਼ ਦੇ ਇੰਚਾਰਜ ਹਨ ਤੇ ਇੱਥੇ ਹੀ ਰਹਿੰਦੇ ਹਨ। ਲਸ਼ਕਰ ਦਾ ਚੀਫ ਹਾਫਿਜ਼ ਮੁਹੰਮਦ ਸਾਈਦ ਅਕਸਰ ਇੱਥੇ ਆਉਂਦਾ ਰਹਿੰਦਾ ਹੈ।

**ਮਰਕਜ਼ ਅੱਬਾਸ, ਕੋਟਲੀ** - ਮਰਕਜ਼ ਅੱਬਾਸ ਕੋਟਲੀ ਦਾ ਪੂਰਾ ਨਾਮ ਮਰਕਜ਼ ਸੈਦਨਾ ਹਜ਼ਰਤ ਅੱਬਾਸ ਬਿਨ ਅਬਦੁਲ ਮੁਤਾਲਿਬ ਹੈ ਤੇ ਇਹ ਮਕਬੂਜ਼ਾ ਕਸ਼ਮੀਰ ਵਿੱਚ ਜੈਸ਼ੇ ਮੁਹੰਮਦ ਦਾ ਇੱਕ ਮਹੱਤਵਪੂਰਨ ਟਰੇਨਿੰਗ ਸੈਂਟਰ ਹੈ। ਇਸ ਦਾ ਇੰਚਾਰਜ ਹਾਫਿਜ਼ ਅਬਦੁਲ ਸ਼ਕੂਰ ਉਰਫ ਕਾਰੀ ਜ਼ਰਾਰ ਜੈਸ਼ੇ ਮੁਹੰਮਦ ਦੀ ਕੋਰ ਕਮੇਟੀ ਦਾ ਮੈਂਬਰ ਹੈ ਤੇ ਜੈਸ਼ ਦੇ ਮੁਖੀਆ ਮੁਫਤੀ ਅਬਦੁਲ ਰਾਊਫ ਅਸਗਰ (ਖਬਰਾਂ ਮੁਤਾਬਕ ਉਪਰੇਸ਼ਨ ਸਿੰਧੂਰ ਸਮੇਂ ਮਰ ਗਿਆ ਹੈ) ਦਾ ਬੇਹੱਦ ਨਜ਼ਦੀਕੀ ਹੈ। ਕਾਰੀ ਜ਼ਰਾਰ ਜੰਮੂ ਕਸ਼ਮੀਰ ਵਿੱਚ ਅਨੇਕਾਂ ਘਾਤਕ ਹਮਲਿਆਂ ਲਈ ਸਿੱਧਾ ਜ਼ਿੰਮੇਵਾਰ ਹੈ ਤੇ ਨੈਸ਼ਨਲ ਇੰਨਵੈਸਟੀਗੇਸ਼ਨ ਏਜੰਸੀ ਦੀ ਮੋਸਟ ਵਾਂਟੇਡ ਲਿਸਟ 'ਤੇ ਹੈ। ਇਸ ਅੱਡੇ ਵਿੱਚ 150 -200 ਅੱਤਵਾਦੀਆਂ ਦੇ ਠਹਿਰਨ ਦਾ ਪ੍ਰਬੰਧ ਹੈ। ਜੈਸ਼ ਦੇ ਪੁੰਛ ਰਜੌਰੀ ਸੈਕਟਰ ਵਿੱਚ ਘੁਸਪੈਠ ਅਤੇ ਹਮਲੇ ਕਰਨ ਦੀਆਂ ਸਾਰੀਆਂ ਸਕੀਮਾਂ ਇੱਥੇ ਹੀ ਬਣਾਈਆਂ ਜਾਂਦੀਆਂ ਹਨ।

**ਮਰਕਜ਼ ਰਾਹੀਲ ਸ਼ਹੀਦ, ਕੋਟਲੀ** - ਇਹ ਮਰਕਜ਼ ਵੀ ਕੋਟਲੀ ਵਿੱਚ ਹੀ ਹੈ ਤੇ ਹਿਜ਼ਬੁਲ ਮੁਜ਼ਾਹਦੀਨ ਦਾ ਸਭ ਤੋਂ ਪੁਰਾਣਾ ਅੱਤਵਾਦੀ ਟਿਕਾਣਾ ਹੈ। ਇਸ ਟਿਕਾਣੇ ਤੇ 400 ਦੇ ਕਰੀਬ ਅੱਤਵਾਦੀ ਹਰ ਸਮੇਂ ਹਥਿਆਰ ਚਲਾਉਣ, ਗੁਰੀਲਾ ਹਮਲਾ ਕਰਨ ਅਤੇ ਹਮਲੇ ਤੋਂ ਬਾਅਦ ਬਚ ਨਿਕਲਣ ਦੀਆਂ ਤਰਕੀਬਾਂ ਸਿੱਖਦੇ ਹਨ। ਰਵਾਇਤੀ ਹਥਿਆਰ ਚਲਾਉਣ ਤੋਂ ਇਲਾਵਾ ਇੱਥੇ ਖਾਸ ਤੌਰ 'ਤੇ ਸਨਾਈਪਰ ਤਿਆਰ ਕੀਤੇ ਜਾਂਦੇ ਹਨ।

**ਸ਼ਵਾਈ ਨਾਲਾ ਕੈਂਪ, ਮੁਜ਼ੱਫਰਾਬਾਦ** - ਸ਼ਵਾਈ ਨਾਲਾ ਕੈਂਪ ਜਿਸ ਨੂੰ ਬੈਤ ਉਲ ਮੁਜ਼ਾਹਦੀਨ ਵੀ ਕਿਹਾ ਜਾਂਦਾ ਹੈ, ਮਕਬੂਜ਼ਾ ਕਸ਼ਮੀਰ ਵਿੱਚ ਮੁਜ਼ੱਫਰਾਬਾਦ - ਨੀਲਮ ਰੋਡ 'ਤੇ ਚੇਲਾਬੰਦੀ ਪੁਲ ਦੇ ਨਜ਼ਦੀਕ ਸਥਿੱਤ ਹੈ ਤੇ ਲਸ਼ਕਰੇ ਤਾਇਬਾ ਦਾ ਮਹੱਤਵਪੂਰਨ ਟਿਕਾਣਾ ਹੈ। ਇਸ ਸੰਨ 2000 ਤੋਂ ਚੱਲ ਰਿਹਾ ਹੈ ਤੇ ਮੁੰਬਈ ਹਮਲੇ ਵਾਲੇ ਅੱਤਵਾਦੀਆਂ ਨੇ ਇੱਥੇ ਵੀ ਟਰੇਨਿੰਗ ਲਈ ਸੀ। ਇਸ ਟਿਕਾਣੇ ਲਈ ਟਰੇਨਰ ਪਾਕਿਸਤਾਨੀ ਫੌਜ ਅਤੇ ਆਈ.ਐਸ.ਆਈ. ਮੁਹੱਈਆ ਕਰਵਾਉਂਦੀ ਹੈ। ਇੱਥੇ ਅੱਤਵਾਦੀਆਂ ਨੂੰ ਹਥਿਆਰਾਂ ਤੋਂ ਇਲਾਵਾ ਜੀ.ਪੀ.ਐਸ, ਸੈਟੇਲਾਈਟ ਫੋਨ, ਨਕਸ਼ਾ ਸਮਝਣਾ ਅਤੇ ਸੂਖਮ ਸੰਚਾਰ ਸਾਧਨਾਂ ਆਦਿ ਦੀ ਵਰਤੋਂ ਕਰਨ ਦੀ ਟਰੇਨਿੰਗ ਖਾਸ ਤੌਰ 'ਤੇ ਦਿੱਤੀ ਜਾਂਦੀ ਹੈ।

**ਮਰਕਜ਼ ਸਾਈਐਦਨਾ ਬਿਲਾਲ, ਮਕਬੂਜ਼ਾ ਕਸ਼ਮੀਰ** - ਮਰਕਜ਼ ਬਿਲਾਲ ਜੈਸ਼ੇ ਮੁਹੰਮਦ ਦਾ ਅਹਿਮ ਟਿਕਾਣਾ ਹੈ ਤੇ ਮੁਜ਼ੱਫਰਾਬਾਦ ਦੇ ਲਾਲ ਕਿਲੇ ਦੇ ਬਿਲਕੁਲ ਨਜ਼ਦੀਕ ਹੈ। ਇੱਥੇ ਵੀ ਹਰ ਵੇਲੇ 250 - 300 ਅੱਤਵਾਦੀ ਮੌਜੂਦ ਰਹਿੰਦੇ ਹਨ। ਮਕਬੂਜ਼ਾ ਕਸ਼ਮੀਰ ਦੀ ਜੈਸ਼ੇ ਮੁਹੰਮਦ ਸ਼ਾਖਾ ਦਾ ਮੁਖੀ ਮੁਫਤੀ ਅਸਗਰ ਖਾਨ ਕਸ਼ਮੀਰੀ ਇਸ ਦਾ ਇੰਚਾਰਜ ਹੈ। ਅਬਦੁੱਲਾ ਜ਼ੇਹਾਦੀ ਉਰਫ ਅਬਦੁੱਲਾ ਕਸ਼ਮੀਰੀ ਅਤੇ ਆਸ਼ਿਕ ਨੈਂਗਰੂ ਵਰਗੇ ਵੱਡੇ ਅੱਤਵਾਦੀ ਵੀ ਇੱਥੋਂ ਹੀ ਆਪਣੀਆਂ ਕਾਰਵਾਈਆਂ ਚਲਾਉਂਦੇ ਹਨ।

# ਕਾਗਜ਼ੀ ਵਿਚੋਲਪੁਣਾ

### ਲੜਕੇ ਦੀ ਲੋੜ

Sikh Jatt family seeking a suitable match for their beautiful family-oriented daughter, 29 years old, height 5'-4" raised in Calgary. Canadian Citizen with a degree from a Canadian University, now working in a reputable company. Looking for a professional and Canadian educated Jatt Sikh boy raised in Canada. Serious inquiries only : 1 587-703-0343 ***273***

### ਲੜਕੇ ਦੀ ਲੋੜ

Jatt Sikh Gill - Canadian Citizen, 29-year-old girl, 5 ft tall, holding a Bachelor of Accounting degree. Currently employed in a government position. She belongs to a well-educated and respected family. Seeking a well-educated, professionally employed match based in Edmonton. Contact: +91-98761-56620 (WhatsApp only) or 780-203-8689. **273**

### ਲੜਕੀ ਦੀ ਲੋੜ

Seeking a well-educated, career-driven, and family-oriented bride for our son, who is 34 years old (Never Married),5-10 height, and does business in the Finance Industry. Well-settled Ramgarhia family living in Winnipeg for 17 years. Citizenship holder, clean-shaven. Call at 204 510-7658 For More Information. ***269***

### ਲੜਕੇ ਦੀ ਲੋੜ

Jatt Sikh's parents seeking a suitable match for their Indian born daughter, Canadian citizen, born Dec 1986, 5 1.5" feet, B. Tech & MBA, working in a leading company in a management role. A boy should be well educated in good moral values, either doing a decent job or business. Cell no./ WhatsApp +1 587-703-3978 **273F Rana **

### ਲੜਕੇ ਦੀ ਲੋੜ

ਪ੍ਰਜਾਪਤ ਪਰਿਵਾਰ ਦੀ ਕਨੇਡਾ ਰਹਿੰਦੀ ਲੜਕੀ,ਜਨਮ 1991,ਕੱਦ 5 ਫੁੱਟ 6 ਇੰਚ,ਵਿਦਿਅਕ ਯੋਗਤਾ: MA (Hindi) M. Ed. PTET CLEAR, National level Rifle shooter having various medals and having "D" course certificate for shooting coach, Currently on study permit master degree in M. Ed in leadership (specialization) for two year course at university of Regina, Canada ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਭਰਾ ਕਨੇਡਾ ਪੀ ਆਰ ਅਤੇ ਪਿਤਾ ਸੈਂਟਰਲ ਸਰਕਾਰ ਦਾ ਅਫਸਰ ਅਤੇ ਮਾਤਾ ਐਜੂਕੇਸ਼ਨ ਵਿਭਾਗ ਵਿੱਚੋਂ ਰਿਟਾਇਰਡ ਹਨ। ਸੰਪਰਕ: 1 437 604 4345 ਜਾਂ 1 647 570 4345 ***273F RG ***

### ਲੜਕੀ ਦੀ ਲੋੜ

ਕੈਨੇਡਾ ਵਿਜ਼ਿਟਰ ਵੀਜੇ ਉੱਪਰ ਆਏ ਜੱਟ ਸਿੱਖ ਧਾਲੀਵਾਲ ਪਰਿਵਾਰ ਦੇ ਲੜਕੇ ਉਮਰ 41 ਸਾਲ,ਕੱਦ 5 ਫੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਤਲਾਕਸ਼ੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਸੰਪਰਕ:1 431 866 6458 ***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਵਿਰਕ ਪਰਿਵਾਰ ਦੇ ਕੈਲਗਰੀ ਵਿੱਚ ਰਹਿੰਦੇ ਲੜਕੇ ਜਨਮ 1992, ,ਕੱਦ 5 ਫੁੱਟ 11 ਇੰਚ,ਵਿੱਦਿਅਕ ਯੋਗਤਾ: ਡਿਪਲੋਮਾਂ (3 ਸਾਲ)ਮਕੈਨੀਕਲ ਇੰਜੀਨੀਅਰ, ਟਰਾਂਸਪੋਰਟ ਦਾ ਕਾਰੋਬਾਰ ਕਰਦੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਪੰਜਾਬ ਵਿੱਚ 6.5 ਏਕੜ ਜਮੀਨ ਅਤੇ ਕੈਲਗਰੀ ਵਿੱਚ ਆਪਣਾ ਘਰ ਹੈ। ਸੰਪਰਕ 587 839 7750, 1 825 438 4556, ਈ ਮੇਲ : Virknarinder66 @gmail.com ***272***

### ਲੜਕੇ ਦੀ ਲੋੜ

The Jatt Sikh Rai family is looking for a suitable match for their beautiful, tall Canadian citizen daughter, 31 years old, 5'10 "tall. She is family-oriented, with strong family values, well-educated with an associate degree in Healthcare Information Management, and works as a Project Manager in the healthcare field. We are seeking a tall, handsome individual who is a Canadian citizen and resides in Calgary or nearby areas, with a professional career. For contact, please call, text, or leave a voicemail at 403 478 7405 (for serious inquiries only). ***274***

### ਲੜਕੇ ਦੀ ਲੋੜ

ਜੱਟ ਸਿੱਖ ਕੰਦੋਲਾ ਪਰਿਵਾਰ ਦੀ ਆਬੂਧਾਬੀ ਵਿਖੇ ਰਹਿੰਦੀ ਅਤੇ ਬੈਂਕ ਦੀ ਜੌਬ ਕਰਦੀ ਲੜਕੀ ਉਮਰ 35 ਸਾਲ, ਕੱਦ 5 ਫੁੱਟ 5 ਇੰਚ,ਵਿਦਿਅਕ ਯੋਗਤਾ : ਐਮ ਬੀ ਏ ਫਾਇਨੈਂਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1587 228 0693, Email: arandhawa gmail.com ***291***

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਜੱਟ ਸਿੱਖ ਮਾਂਗਟ ਪਰਿਵਾਰ ਦੇ ਲੜਕੇ, ਉਮਰ 33 ਸਾਲ, ਕੱਦ 6 ਫੁੱਟ, ਹਾਊਸ ਏ ਸੀ ਰਿਪੇਅਰ ਟੈਕਨੀਸ਼ੀਅਨ ਲਈ ਕੈਨੇਡੀਅਨ ਪੀ ਆਰ,ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਵਰਕ ਪਰਮਿਟ ਜਾਂ ਵਿਜ਼ਟਰ ਵੀਜ਼ੇ ਵਾਲੀ ਲੜਕੀ ਨੂੰ LMIA ਲਈ ਮੱਦਦ ਵੀ ਕਰ ਸਕਦੇ ਹਾਂ । ਸੰਪਰਕ: 1 780 667 7307 ***272***

### ਲੜਕੀ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੇ ਵਿਜ਼ਿਟਰ ਵੀਜ਼ੇ ਉੱਪਰ ਆਏ ਅੰਮ੍ਰਿਤਧਾਰੀ ਲੜਕੇ,ਉਮਰ 27 ਸਾਲ,ਕੱਦ 5 ਫ਼ੁੱਟ 10 ਇੰਚ ਲਈ ਕੈਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 975 3251***272***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦਾ ਲੜਕਾ ਜਨਮ 1984,ਕੱਦ 5 ਫੁੱਟ 10 ਇੰਚ,ਮਕੈਨੀਕਲ ਇੰਜੀਨੀਅਰ ਡਿਪਲੋਮਾ ਹੋਲਡਰ ਲਈ ਕਨੇਡੀਅਨ ਪੀ ਆਰ, ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ,ਸਿੰਗਲ,ਉਮਰ 30 ਤੋਂ 38 ਸਾਲ ਵਿਚਕਾਰ ਅਤੇ ਲੜਕੀ ਦਾ ਕੱਦ 5 ਫੁੱਟ 5 ਇੰਚ ਪਲੱਸ ਹੋਵੇ। ਸਿਰਫ ਕਨੇਡਾ ਵਾਲੇ ਹੀ ਸੰਪਰਕ ਕਰਨ। ਕ੍ਰਿਪਾ ਕਰਕੇ ਮੈਰਿਜ ਬਿਊਰੋ ਮਾਫ ਕਰਨ। ਸੰਪਰਕ: 1 587 834 0019 ਜਾਂ ਵਟਸਐਪ 91 9872566405 ***271***

### ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਨਾਈ ਸਿੱਖ ਪਰਿਵਾਰ ਦੀ ਵਿਧਵਾ ਲੜਕੀ(ਬਿਨਾ ਬੱਚੇ ਤੋਂ )ਉਮਰ 37 ਸਾਲ, ਆਰ ਐਨ ਦੀ ਜੌਬ ਕਰਦੀ ਲਈ ਯੋਗ ਕਨੇਡੀਅਨ ਵਰ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੇ ਵੀ ਸੰਪਰਕ ਕਰ ਸਕਦੇ ਹਨ। ਲੜਕੀ ਦਾ ਸਾਰਾ ਪਰਿਵਾਰ ਕਨੇਡਾ ਪੱਕੇ ਤੌਰ 'ਤੇ ਸੈਟਲ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: 780 504 6770 ਜਾਂ 1 639 540 0879 ***271***

### ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਜੱਟ ਸਿੱਖ ਪਰਿਵਾਰ ਦੀ ਲੜਕੀ, ਉਮਰ 30 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ 1587 707 3029 ***271***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ,ਗਰਚਾ ਪਰਿਵਾਰ ਦੇ ਲੜਕੇ,ਉਮਰ 29 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ: ਬਿਜਨਿਸ ਇਨ ਅਕਾਊਂਟਿੰਗ ਅਤੇ ਪਲੰਬਿੰਗ ਡਿਪਲੋਮਾਂ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਬਿਜਨਿਸ ਹੈ। ਸੰਪਰਕ: 1 587 568 8796 ਜਾਂ 1 587 568 8795 ***271***,

### ਲੜਕੀ ਦੀ ਲੋੜ

Seeking suitable match for 1994 born, 6 Ft. Tall Canadian Citizen, Saini Sikh, working as Pilot in Canadian airline. Entire family settled in Calgary, Canada. Looking for well educated, cultured, family-oriented bride from Professional background. If Interested send bio data@ +1 403-969-1476, Serious inquiries only (Marriage Bureau Excuse) ***269***,

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ, ਤਲਾਕਸ਼ੁਦਾ, ਜੱਟ ਸਿੱਖ ਸਰਾਂ ਪਰਿਵਾਰ ਦੇ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ,ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਤਲਾਕਸ਼ੁਦਾ, ਵਰਕ ਪਰਮਿਟ ਜਾਂ ਵਿਜਟਿਰ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 280 0169 ਜਾਂ 1 825 561 2852 ***271***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਸਿੱਖ ਪਰਿਵਾਰ (ਧਿੰਜਨ) ਦੇ ਲੜਕੇ ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਪਲੱਸ 2 ਅਤੇ ਸੰਗੀਤ ਡਿਪਲੋਮਾ ਹੋਲਡਰ,ਹਾਰਮੋਨੀਅਮ, ਸਿਤਾਰ ਅਤੇ ਦਿਲਰੁਬਾ ਵਰਗੇ ਸਾਜ਼ ਵਜਾਉਣ ਦੇ ਮਾਹਿਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਕੋਲ ਕਨੇਡਾ ਵਿੱਚ ਆਪਣਾ ਘਰ ਹੈ। ਸੰਪਰਕ: 403 707 4913 ਜਾਂ ਈ ਮੇਲ: dhinjantirth@gmail.com ***271***

### ਲੜਕੀ ਦੀ ਲੋੜ

ਅੰਬਾਲਾ ਰਹਿੰਦੇ ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ, ਉਮਰ 24 ਕੱਦ 5 ਫੁੱਟ 11 ਇੰਚ, BCA ਡਿਗਰੀ (93%) k-11 ਸਕੂਲ ਫਿਟਨੈਸ ਸਾਇੰਸਸ ਦਿੱਲੀ ਤੋ ਤਜਰਬੇਕਾਰ ਫਿਟਨੈਸ ਟ੍ਰੇਨਰ ਦੀ ਡਿਗਰੀ ਪ੍ਰਾਪਤ, 22 ਏਕੜ ਜਮੀਨ, ਸ਼ਹਿਰੀ ਅਤੇ ਪੇਂਡੂ ਜਾਇਦਾਦ, ਨਸ਼ਾ ਰਹਿਤ ਲਈ ਕੈਨੇਡਾ ਦੀ ਪੀ-ਆਰ ਜਾ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ! ਸੰਪਰਕ- sukhivrbhangu75@gmial.com ***270***

### ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਸੈਣੀ ਸਿੱਖ ਪਰਿਵਾਰ ਦੇ ਲੜਕੇ ਉਮਰ 39 ਸਾਲ, ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ ਗਰੇਡ 12 ਅਤੇ ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 403 918 0576 ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਮੋਗਾ ਏਰੀਆ ਦੇ ਪਿਛੋਕੜ ਵਾਲੇ ਜੱਟ ਸਿੱਖ ਪਰਿਵਾਰ ਦੇ ਅੰਮ੍ਰਿਤਧਾਰੀ ਲੜਕੇ ਉਮਰ 30 ਸਾਲ,ਕੱਦ 5 ਫੁੱਟ 11 ਇੰਚ,ਵਿਦਿਅਕ ਯੋਗਤਾ: ਬੈਚੂਲਰ ਆਫ ਬਿਜਨਿਸ ਐਡਮਨਿਸਟ੍ਰੇਸ਼ਨ, ਲਈ ਹਾਣ ਪ੍ਰਵਾਣ ਦੀ ਯੋਗਤਾ,ਪਰਿਵਾਰਕ ਕਦਰਾਂ ਕੀਮਤਾਂ ਵਾਲੀ ਚੰਗੀ ਜੌਬ ਕਰਦੀ ਅੰਮ੍ਰਿਤਧਾਰੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਮੈਰਿਜ ਬਿਊਰੋ ਵਾਲੇ ਮੁਆਫ ਕਰਨ। ਸੰਪਰਕ: 1 587 500 4035 ***270***

### ਲੜਕੇ / ਲੜਕੀ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਸੰਘਾ ਪਰਿਵਾਰ ਦੀ ਲੜਕੀ,ਉਮਰ 31 ਸਾਲ,ਕੱਦ 5 ਫੁੱਟ 6 ਇੰਚ, ਬਿਜਨਿਸ ਮੈਨੇਜਮੈਂਟ ਐਡਮਨਿਸਟ੍ਰੇਸ਼ਨ ਡਿਪਲੋਮਾ ਹੋਲਡਰ ਲਈ ਚੰਗੇ ਪੜ੍ਹੇਲਿਖੇ ਲੜਕੇ ਅਤੇ ਇਸੇ ਹੀ ਪਰਿਵਾਰ ਦੇ ਵਿਜਟਿਰ ਵੀਜਾ ਉੱਪਰ ਕਨੇਡਾ ਆਏ ਲੜਕੇ ਉਮਰ 29 ਸਾਲ,ਕੱਦ 5 ਫੁੱਟ 9 ਇੰਚ,ਮਕੈਨੀਕਲ ਇੰਜੀਨੀਅਰਰਿੰਗ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 587 435 8721 ਜਾਂ 1 587 336 8069 ***270***

### ਲੜਕੇ ਦੀ ਲੋੜ

Jatt-Sikh Family is well established in Saskatoon, Canada. Looking for family-oriented Canadian born, Prefer Professional, well-educated match for their daughter born in 1991, 5"7 vegetarian born Braised in Canada. The daughter is family-oriented, has an education in Pharmacy, and owns her own business and house. Divorced, no kids, wants children. Now living with parents. Preference Alberta or Saskatchewan area. Serious inquiries only. No marriage Bureau calls. Send Bio E Mail: bpandher2007@yahoo.ca ***270***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਢਿੱਲੋਂ ਪਰਿਵਾਰ ਦੇ ਗੁਰਸਿੱਖ ਲੜਕੇ ,ਉਮਰ 29 ਸਾਲ, ਕੱਦ 6 ਫੁੱਟ 1 ਇੰਚ,ਵਿਦਿਅਕ ਯੋਗਤਾ: ਆਟੋਮੋਬਾਈਲ ਇੰਜੀਨੀਅਰਿੰਗ ਵਿੱਚ ਬੈਚਲਰ ਦੀ ਡਿਗਰੀ ਅਤੇ ਪ੍ਰੋਜੈਕਟ ਮੈਨੇਜਮੈਂਟ ਵਿੱਚ ਪੀਜੀਡੀਪੀ,ਲਈ , ਪੜ੍ਹੀ-ਲਿਖੀ ਪਰਿਵਾਰਕ ਕਦਰਾਂ-ਕੀਮਤਾਂ ਵਾਲੀ ਲੜਕੀ ਜਿਸ ਦਾ ਕੱਦ 5 ਫੁੱਟ 5 ਇੰਚ ਦੇ ਕਰੀਬ ਅਤੇ ਕਨੇਡੀਅਨ ਪੀ ਆਰ ਹੋਵੇ, ਦੇ ਰਿਸ਼ਤੇ ਦੀ ਲੋੜ ਹੈ। ਕਿਰਪਾ ਕਰਕੇ ਸਿਰਫ਼ ਸੀਰੀਅਸ ਪੁੱਛਗਿੱਛ ਲਈ ਹੀ ਸੰਪਰਕ ਕਰੋ: 587 296 5710 ਜਾਂ 403 926 2362 ***270***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਆਏ ਜੱਟ ਸਿੱਖ ਗਿੱਲ ਪਰਿਵਾਰ ਦੇ ਵੈਜੀਟੇਰੀਅਨ ਲੜਕੇ ਜਨਮ 1989,ਕੱਦ 5 ਫੁੱਟ 10 ਇੰਚ,ਵਿੱਦਿਅਕ ਯੋਗਤਾ +2 ਲਈ ਹਾਣ ਪ੍ਰਵਾਣ ਦੀ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਸੰਪਰਕ: 1 780 318 4367 ਜਾਂ 1 780 803 4234 ***269***

### ਲੜਕੀ ਦੀ ਲੋੜ

ਜੱਟ ਸਿੱਖ ਸਰਦਾਰ ਲੜਕਾ ਉਮਰ 28 ਸਾਲ ਫ਼ਾਰਮਿੰਗ ਵਰਕ ਪਰਮਿਟ ਤੇ ਕਨੇਡਾ ਰਹਿੰਦੇ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਲੜਕੀ ਦੀ ਜ਼ਰੂਰਤ ਹੈ । ਲੜਕੇ ਦੀਆਂ ਦੋ ਸਕੀਆਂ ਭੈਣਾਂ ਕਨੇਡਾ ਪੀ ਆਰ ਹਨ । ਮਾਲਵੇ ਨੂੰ ਪਹਿਲ ਸੰਪਰਕ ਨੰਬਰ : 1 604 360 9500 ***269***RG***RP

### ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਬਰਾੜ ਲੜਕੀ, ਉਮਰ 30 ਸਾਲ, ਕੱਦ 5 ਫੁੱਟ 6 ਇੰਚ, ਆਈ ਟੀ ਆਈ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਵਰਕ ਪਰਮਿਟ ਵਾਲੇ ਨਸ਼ਾ ਰਹਿਤ, ਲੜਕੇ ਦੇ ਰਿਸਤੇ ਦੀ ਲੋੜ ਹੈ। ਕੈਲਗਰੀ, ਐਡਮਿੰਟਨ ਰਹਿੰਦੇ ਮਾਲਵਾ ਇਲਾਕੇ ਨਾਲ ਸਬੰਦਿਤ ਰਿਸ਼ਤੇ ਨੂੰ ਪਹਿਲ । ਸੰਪਰਕ: 1 780 772 4400 ***269***

### ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਜੱਟ ਸਿੱਖ ਬਰਾੜ ਪਰਿਵਾਰ ਦੇ ਲੜਕੇ ਉਮਰ 33 ਸਾਲ ਕੱਦ 6 ਫੁੱਟ 2 ਇੰਚ, ਵਿਦਿਅਕ ਯੋਗਤਾ ਬੀ ਏ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਕੋਲ ਆਪਣਾ ਘਰ ਹੈ । ਸੰਪਰਕ: 403 479 5585 ਜਾਂ 403 991 5841, ਈ ਮੇਲ: ramanpreetbrar000@gmail.com ***269***

### ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਪਰਜਾਪਤ,ਤਲਾਕਸ਼ੁਦਾ,ਉਮਰ 40 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ: ਬੀਟੈੱਕ, ਕਨੇਡਾ ਦੀ ਐਮਾਜੋਨ ਕੰਪਨੀ ਵਿੱਚ ਅਸਿੱਸਟੈਂਟ ਮੈਨੇਜਰ ਦੀ ਜੌਬ ਕਰਦੇ ਲੜਕੇ ਲਈ ਬਰਾਬਰ ਯੋਗਤਾ ਰੱਖਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡੀਅਨ ਪੀ ਆਰ ਹੈ। ਸੰਪਰਕ: 1 587 832 1260 ਜਾਂ 1 780 915 3429 ***269***

### ਲੜਕੀ ਦੀ ਲੋੜ

Calgary based Ravidasia family seeks a suitable match for their son, 1995 born, Canadian citizen, 5'-8", Engineer by profession. Seeking a family oriented & highly qualified match. Please contact with a recent photo to: LCKALER@GMAIL.COM Serious inquiries only. Caste no Bar. Preference given to Alberta and Doaba.***269***

### ਲੜਕੇ ਦੀ ਲੋੜ

ਕਨੇਡਾ ਵਿਜਟਿਰ ਵੀਜੇ ਉੱਪਰ ਆਈ ਰਾਮਗੜ੍ਹੀਆ ਪਰਿਵਾਰ ਦੀ ਅਣਮੈਰਿਡ ਲੜਕੀ ਉਮਰ 38 ਸਾਲ, ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ : ਪੋਸਟ ਗ੍ਰੈਜੂਏਟ ਪ੍ਰੋਫੇਸ਼ਨਲ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ ਕਰੋ : 403 680 1126 ***268***

### ਲੜਕੇ ਦੀ ਲੋੜ

ਕਨੇਡੀਅਨ ਪੀ ਆਰ,ਜੱਟ ਸਿੱਖ ਪਰਿਵਾਰ ਦੀ ਲੜਕੀ ਜਨਮ ਦਸੰਬਰ 1991,ਪੋਸਟ ਗਰੈਜੂਏਟ (ਇੰਡੀਆ)ਐਜੂਕੇਸ਼ਨਲ ਅਸਿਸਟੈਂਟ (ਕਨੇਡਾ) ਲਈ ਕਨੇਡੀਅਨ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ।ਵਰਕ ਪਰਮਿਟ ਵਾਲਾ ਲੜਕਾ ਵੀ ਸੰਪਰਕ ਕਰ ਸਕਦਾ ਹੈ। ਬਠਿੰਡਾ ਮੁਕਤਸਰ ਇਲਾਕੇ ਨੂੰ ਪਹਿਲ। ਆਪਣਾ ਬਾਇਓਡਾਟਾ 1 639 916 1637 ਉੱਪਰ ਭੇਜੋ ***268***

### ਲੜਕੀ ਦੀ ਲੋੜ

Canadian Citizen, Jat Sikh family handsome boy born 1990, height 5 feet 11 inches, well educated in Canada and doing business Canada, looking girl with family values is required. 403 437 1117, 825 735 2251***268***

### ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

### ਲੜਕੀ ਦੀ ਲੋੜ

ਕਨੇਡਾ ਵਿੱਚ ਵਰਕ ਪਰਮਿਟ ਉਪਰ ਜੱਟ ਸਿੱਖ ਦੁਸਾਂਝ ਪਰਿਵਾਰ ਦੇ ਕੈਲਗਰੀ ਰਹਿੰਦੇ ਲੜਕੇ,ਉਮਰ 27 ਸਾਲ,ਕੱਦ 6 ਫੁੱਟ 4 ਇੰਚ ਵਿਦਿਅਕ ਯੋਗਤਾ ਐਮ ਏ, ਤਲਾਕਸ਼ੁਦਾ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾਂ ਬੱਚੇ ਤੋਂ ਤਲਾਕ ਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 403 971 2245 ***280*** *F*

### ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***_***

### ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

### ਲੜਕੇ ਦੀ ਲੋੜ

ਜੱਟ ਸਿੱਖ, ਖੈਰਾ ਪਰਿਵਾਰ ਬਰਨਾਲਾ ਇਲਾਕੇ ਦੀ ਪੰਜਾਬ ਰਹਿੰਦੀ, ਚੰਗੀਆਂ ਪਰਿਵਾਰਿਕ ਕਦਰਾਂ ਕੀਮਤਾਂ ਵਾਲੀ,ਸੋਹਣੀ ਸੁਨੱਖੀ,ਇੰਟੈਲੀਜੈਂਟ, ਲੜਕੀ ਜਨਮ 1992,ਕੱਦ 5 ਫੱਟ 3 ਇੰਚ, ਵਿਦਿਅਕ ਯੋਗਤਾ ਐਮ ਐੱਸ (ਆਈ ਟੀ) ਲਈ ਕਨੇਡਾ ਅਮਰੀਕਾ ਜਾਂ ਆਸਟਰੇਲੀਆ ਰਹਿੰਦੇ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: ਵਟਸਐਪ 91-9393800002 ਜਾਂ 1 780 300 2000 ***_***

### ਲੜਕੇ ਦੀ ਲੋੜ

Jatt Sikh family seek a suitable match for their 5ft. 8inch / 30 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## ਲੜਕੀ ਦੀ ਲੋੜ

ਕਨੇਡਾ ਸਟੂਡੈਂਟ/ਵਰਕ ਪਰਮਿਟ ਉੱਪਰ ਕਨੇਡਾ ਆਏ ਜੱਟ ਸਿੱਖ ਸਮਰਾ ਪਰਿਵਾਰ ਦੇ ਇਕਲੌਤੇ, ਸੋਹਣੇ ਸੁਨੱਖੇ ਲੜਕੇ ਉਮਰ 22 ਸਾਲ ਕੱਦ 5 ਫੁੱਟ 9 ਇੰਚ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਆਰਥਿਕ ਤੌਰ ਤੇ ਬਹੁਤ ਚੰਗੀ ਹਾਲਾਤ ਵਾਲੇ ਸਿਰੇ ਦੇ ਮਿਹਨਤੀ ਲੜਕੇ ਕੋਲ ਪੰਜਾਬ ਵਿੱਚ 20 ਏਕੜ ਜ਼ਮੀਨ, ਕੰਬਾਈਨ,ਟਰੈਕਟਰ, ਕਾਰੋਬਾਰੀ (ਆੜ੍ਹਤ)ਦਾ ਪਿਛੋਕੜ, ਪਿੰਡ ਵਿੱਚ ਵੱਡ ਅਕਾਰੀ ਕੋਠੀ, ਗੱਡੀ ਆਦਿ ਵਰਗੀਆਂ ਸਹੂਲਤਾਂ ਮੌਜੂਦ ਹਨ। ਲੜਕੇ ਦਾ ਤਾਇਆ ਅਤੇ ਬਾਕੀ ਪਰਿਵਾਰ ਕਨੇਡਾ ਪੱਕੇ ਤੌਰ ਤੇ ਸੈਟਲ ਹੈ।
ਸੰਪਰਕ 1 780 300 2000 (ਵਟਸਐਪ): 9583592000

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

ਖੇਤਾਂ ਦੇ ਕੰਮ ਲਈ ਕਾਮਿਆਂ ਦੀ ਲੋੜ



ਟਰੀ ਪੈਕਿੰਗ ਦਾ ਕੰਮ
(ਮਾਰਚ ਤੋਂ ਦਸੰਬਰ ਤੱਕ ਚਲੇਗਾ)
ਕੰਮ ਸਾਰਾ ਘੰਟਿਆਂ ਦੇ ਹਿਸਾਬ ਨਾਲ ਹੋਵੇਗਾ
ਕੀਤੇ ਹੋਏ ਕੰਮ ਦੀਆਂ ਸਟੈਂਪਾ ਦਿੱਤੀਆਂ ਜਾਣਗੀਆਂ
ਰਹਿਣ ਦਾ ਪੂਰਾ ਪਰਬੰਧ ਹੈ
ਕਲਾਸ 4 ਡਰਾਈਵਰ ਦੀ ਵੀ ਜਰੂਰਤ ਹੈ
ਕਾਲ ਕਰੋ:
1 250 319 7263

## Name Change

I, GURINDER SINGH Son of SUKHVINDER SINGH, holder of Indian passport No. U 9019285 issued at JALANDHAR, on 07/04/2021, permanent resident of VILL: RATTA KADIM P O: KHALLU, KAPURTHALA, PIN: 144601, PUNJAB, INDIA presently residing at 23 SADDLELAND CRES NE, CALGARY T3J5K9, ALBERTA, CANADA Do hereby change My name from GURINDER SINGH to GURINDER SINGH RATTANPAL with immediate effect.
Date 12/MAY/2025 Phone1 825 431 3536

## ਘਰ ਦੇ ਕੰਮ ਲਈ ਸਹਾਇਕ ਔਰਤ ਦੀ ਲੋੜ

ਕੈਲਗਰੀ ਸਹਿਰ ਦੇ ਸੈਡਲਰਿੱਜ ਏਰੀਆ ਵਿੱਚ ਰਹਿੰਦੀ ਪੰਜਾਬੀ ਫੈਮਿਲੀ ਨੂੰ ਘਰ ਦੇ ਕੰਮ ( ਬਰਤਨ ਧੋਣੇ ਅਤੇ ਘਰ ਦੀ ਸਾਫ ਸਫਾਈ ਆਦਿ) ਲਈ ਹੈਲਪਰ (ਔਰਤ) ਦੀ ਲੋੜ ਹੈ । ਕੰਮ ਹਫ਼ਤੇ ਦੇ ਪੰਜ ਦਿਨ 30-35 ਘੰਟੇ ਹੋਵੇਗਾ । ਚੰਗੀ ਤਨਖਾਹ ਦਿੱਤੀ ਜਾਵੇਗੀ।
ਸੰਪਰਕ : 587 329 7202



ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਾਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8





# ਵੰਝਲੀ ਵਾਲੜਿਆ ਵਾਲਾ ਅਹਿਮਦ ਰਾਹੀ (2)

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਚੜ੍ਹੇ ਬੱਦਲ ਕਾਲੇ, ਮਾਪੇ ਪੱਲੇ ਨਾ ਫੜਾਣ
ਸਾਡੇ ਟੁੱਟ ਗਏ ਮਾਣ, ਬੂਹੇ ਹੋ ਗਏ ਭੀੜੇ

ਇਹ ਦਰਦ ਸਿਰਫ ਪੂਰਬੀ ਜਾਂ ਪੱਛਮੀਂ ਪੰਜਾਬ ਦੀਆਂ ਧੀਆਂ ਦਾ ਈ ਨਹੀਂ ਸਗੋਂ ਇਹ ਦਰਦ ਤਾਂ ਉਹਨਾਂ ਸਾਰੀਆਂ ਧੀਆਂ ਦਾ ਐ ਜੋ ਦੁਨੀਆਂ ਦੇ ਕਿਸੇ ਵੀ ਕੋਨੇ ਫਿਰਕੂ ਜ਼ਹਿਰ ਤੇ ਝੂਠੀ ਇੱਜ਼ਤ ਦਾ ਸ਼ਿਕਾਰ ਹੋਈਆਂ। ਇਹ ਉਹਨਾਂ ਅਧਖਿੜੇ ਫੁੱਲਾਂ ਦਾ ਕਿੱਸਾ ਏ ਜੋ ਅਖੌਤੀ ਆਜ਼ਾਦੀ ਦੀ ਭੇਟ ਚੜ੍ਹ ਗਏ। ਇਹ ਉਹਨਾਂ




ਸੱਜਰੀਆਂ ਟੁੱਟੀਆਂ ਸ਼ਾਖਾਵਾਂ ਦੀਆਂ ਕਹਾਣੀਆਂ ਨੇ ਜਿਹੜੀਆਂ ਆਪਣੇ ਆਪ ਦਾ ਤੁਆਰਫ਼ ਆਪਣੇ ਬਾਬਲ ਨਾਲ ਕਰਾਉਂਦੀਆਂ ਨੇ। ਅਹਿਮਦ ਰਾਹੀ ਨੇ ਇਹ ਮੰਜ਼ਰ ਆਪਣੇ ਅੱਖੀਂ ਦੇਖਿਆ। ਸਾਰੀ ਉਮਰ ਉਸ ਦੀ ਕਲਮ ਚੋਂ ਉਹ ਦਰਦ ਹੰਝੂ ਬਣ ਬਣ ਟਪਕਦਾ ਰਿਹਾ। ਜਿਵੇਂ ਕਿ ਮੈਂ ਪਹਿਲਾਂ ਈ ਦੱਸ ਚੁੱਕਾ ਹਾਂ ਕਿ ਕਿੱਸਾ-ਕਾਵਿ ਦਾ ਪ੍ਰਭਾਵ ਵੀ ਅਹਿਮਦ ਰਾਹੀ ਤੇ ਬਹੁਤ ਰਿਹਾ, ਜੋ ਉਸਦੇ ਗੀਤਾਂ ਚੋਂ ਸਾਫ ਨਜ਼ਰ ਆਉਂਦਾ ਹੈ। ਕਿੱਸਾ-ਕਾਵਿ 'ਤੇ ਅਧਾਰਿਤ ਅਹਿਮਦ ਰਾਹੀ ਦਾ ਬਿਲਕੁਲ ਨਿਵੇਕਲਾ ਦ੍ਰਿਸ਼ਟੀਕੋਣ

ਜੇ ਤੂੰ ਮਿਰਜ਼ਾ ਹੁੱਦਾ ਰਾਂਝਿਆ, ਮੈਂ ਤੱਤੜੀ ਜ਼ਹਿਰ ਨਾ ਫੱਕਦੀ
ਸਾਡੇ ਪਿਆਰ ਦੀ ਸਾਂਝੀ ਪੀਂਘ ਨੂੰ, ਭੈੜੀ ਮੌਤ ਵੀ ਤੋੜ ਨਾ ਸਕਦੀ
ਤੇਰੀ ਕੜੀ ਕਮਾਨ ਦੇ ਮਾਣ ਤੇ, ਵੇ ਮੈਂ ਕੈਦੋਂ ਕਾਜੀ ਡੱਕਦੀ
ਤੂੰ ਖੇੜਿਆਂ ਨੂੰ ਬੀਬਾ ਸਿੱਝਦੋਂ, ਮੈਂ ਸਿਆਲਾਂ ਨਾਲ ਨਜਿੱਠਦੀ
ਤੂੰ ਭਾਂਬੜ ਬਣ ਕੇ ਮੱਚਦਾ, ਮੈਂ ਨ੍ਹੇਰੀ ਬਣਕੇ ਝੁੱਲਦੀ
ਮੈਂ ਵੇਖਦੀ ਮੇਰੇ ਹੱਥ ਦੀ, ਗੱਢ ਕਿਸੇ ਤੋਂ ਕਿਵੇਂ ਖੁੱਲ੍ਹਦੀ

ਜੇ ਤੂੰ ਮਿਰਜ਼ਾ ਹੁੰਦਾ ਰਾਂਝਿਆ, ਵੇ ਮੈਂ ਖੌਰੇ ਕੀ ਕੁੱਝ ਕਰਦੀ
ਨਾ ਤੂੰ ਬਿਨ ਆਈਓਂ ਮਰਦਾਂ, ਨਾ ਮੈਂ ਬਿਨ ਆਈਓਂ ਮਰਦੀ

ਇੱਥੇ ਮੈਂ ਅਹਿਮਦ ਰਾਹੀ ਦੇ ਲਿਖੇ ਬਹੁਤੇ ਗੈਰ ਫਿਲਮੀ ਗੀਤਾਂ ਦਾ ਜ਼ਿਕਰ ਨਹੀਂ ਕਰਾਂਗਾ, ਕਿਉਂਕਿ ਫ਼ਿਲਮਾਂ ਵਿੱਚ ਹਿੱਟ ਹੋਣ ਤੋਂ ਬਾਅਦ ਰਾਹੀ ਦੇ ਗੈਰ ਫਿਲਮੀ ਗੀਤ ਵੀ ਫ਼ਿਲਮਾਂ ਲਈ ਰਿਕਾਰਡ ਹੋ ਗਏ। ਅਹਿਮਦ ਰਾਹੀ ਦਾ ਇੱਕ ਗੈਰ ਫਿਲਮੀ ਗੀਤ ਜੋ ਲਹਿੰਦੇ ਪੰਜਾਬ ਦੀ ਬਹੁਤ ਸੁਰੀਲੀ ਕਲਾਕਾਰਾ ਅਫਸ਼ਾਂ ਦੀ ਆਵਾਜ਼ ਵਿੱਚ ਰੇਡੀਓ ਪਾਕਿਸਤਾਨ ਲਾਹੌਰ ਤੋਂ ਬਹੁਤ ਮਕਬੂਲ ਹੋਇਆ।

ਰੁੱਖ ਡੋਲਦੇ ਤੇ ਅੱਖ ਨਹੀਂਓ ਲੱਗਦੀ
ਨਿੰਮੀ ਨਿੰਮੀ ਵਾਅ ਵੱਗਦੀ
ਸਾਨੂੰ ਠੱਗ ਗਈ ਯਾਦ ਇੱਕ ਠੱਗ ਦੀ
ਨਿੰਮੀ ਨਿੰਮੀ ਵਾਅ ਵੱਗਦੀ

ਰਿਕਾਰਡ ਦਾ ਲੜੀ ਨੱਬਰ - ਐਸ. ਆਰ. ਸੀ. 5056
ਕੱਪਨੀ - ਸ਼ਾਲੀਮਾਰ ਰਿਕਾਡਿੱਗ ਕੱਪਨੀ ਇਸਲਾਮਾਬਾਦ (ਪਾਕਿਸਤਾਨ)
ਗੀਤਕਾਰ - ਅਹਿਮਦ ਰਾਹੀ / ਸੰਗੀਤ - ਵਜ਼ੀਰ ਅਫ਼ਜ਼ਲ
ਆਵਾਜ਼ - ਅਫਸ਼ਾਂ

ਇਸੇ ਰਿਕਾਰਡ ਦੇ ਦੂਸਰੇ ਪਾਸੇ ਅਹਿਮਦ ਰਾਹੀ ਦਾ ਈ ਲਿਖਿਆ ਤੇ ਅਫਸ਼ਾਂ ਦੀ ਆਵਾਜ਼ ਵਿੱਚ ਦੂਸਰਾ ਗੀਤ ਹੈ ਕੱਚ ਦਿਆ ਚੂੜਿਆ ਵੇ ਜਿਸ ਨੂੰ ਸੰਗੀਤਬੱਧ ਕੀਤਾ ਸੀ ਸੰਗੀਤਕਾਰ ਮਾਸਟਰ ਤੁਫੈਲ ਨੇ।


ਕੱਚ ਦਿਆ ਚੂੜਿਆ ਵੇ, ਕੱਚ ਦਿਆ ਚੂੜਿਆ
ਜਿਸ ਦੀ ਨਿਸ਼ਾਨੀ ਏਂ ਤੂੰ ਉਹ ਸਾਡੇ ਕੋਲ ਨਾ
ਛੇੜ ਛੇੜ ਪਿਛਲੀਆਂ ਗੱਲਾਂ, ਜਿੱਦ ਮੇਰੀ ਰੋਲ ਨਾ

ਰਿਕਾਰਡ ਦਾ ਲੜੀ ਨੰਬਰ - ਐਸ. ਆਰ. ਸੀ. 5056
ਕੰਪਨੀ ਸ਼ਾਲੀਮਾਰ ਰਿਕਾਡਿੰਗ ਕੰਪਨੀ ਇਸਲਾਮਾਬਾਦ (ਪਾਕਿਸਤਾਨ)
ਗੀਤਕਾਰ - ਅਹਿਮਦ ਰਾਹੀ / ਸੰਗੀਤ - ਮਾਸਟਰ ਤੁਫੈਲ
ਆਵਾਜ਼ - ਅਫਸ਼ਾਂ

ਇਹ ਦੋਵੇਂ ਗੀਤ ਰੇਡੀਓ ਤੋਂ ਬਹੁਤ ਮਕਬੂਲ ਹੋਏ। ਚੇਤੇ ਰਹੇ ਨਿੰਮੀ ਨਿੰਮੀ ਵਾਅ ਵਗਦੀ ਨੂੰ ਦੁਬਾਰਾ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਫਿਲਮ ਸਹਿਤੀ ਲਈ ਵੀ ਰਿਕਾਰਡ ਕਰ ਲਿਆ ਗਿਆ ਸੀ ਬਹੁਤ ਘੱਟ ਲੋਕ ਜਾਣਦੇ ਹਨ ਕਿ ਅਹਿਮਦ ਰਾਹੀ ਦੇ ਲਿਖੇ ਹੋਏ ਟੱਪੇ ਬੋਲੀਆਂ ਮਾਹੀਆ, ਪਿਛਲੇ ਸੱਤਰ ਵਰ੍ਹਿਆਂ ਵਿੱਚ ਲੋਕ ਗੀਤਾਂ ਦਾ ਰੂਪ ਧਾਰਨ ਕਰਕੇ ਪੰਜਾਬੀ ਗੀਤਾਂ ਵਿੱਚ ਘਿਉ ਖਿਚੜੀ ਹੋ ਚੁੱਕੇ ਹਨ। ਜਿਵੇਂ—

ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦੇ ਬੁੱਦੇ
ਸੌਦੇ ਪਿਆਰਾਂ ਦੇ ਜ਼ੋਰਾਂ ਨਾਲ ਨਾ ਹੁੱਦੇ
ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਇਆ ਚਾਂਦੀ
ਪੀੜ ਜੁਦਾਈਆਂ ਦੀ ਹੁਣ ਹੋਰ ਸਹੀ ਨਾ ਜਾਂਦੀ
ਮੇਰਾ ਹੋਰ ਸਵਾਲ ਨਾ ਕੋਈ, ਵੇ ਇੱਕ ਮੇਰੇ ਦੁੱਖ ਵੱਡ ਲੈ
ਅੱਗ ਪਿਆਰ ਦੀ ਧੂੱਆਂ ਨਾ ਕੱਢਦੀ, ਤਨ ਮਨ ਫੂਕ ਸੁੱਟਦੀ
ਅਸੀਂ ਹੋਠਾਂ ਨੂੰ ਲਾ ਲਏ ਜ਼ਿੰਦਰੇ, ਅੱਖੀਆਂ ਤੇ ਵਾਹ ਕੋਈ ਨਾ

ਜਿਵੇਂ ਕਿ ਮੈਂ ਪਹਿਲਾਂ ਹੀ ਦੱਸ ਚੁੱਕਾ ਹਾਂ ਕਿ ਬਤੌਰ ਗੀਤਕਾਰ 1950 ਵਿੱਚ ਫਿਲਮ 'ਬੇਲੀ' ਰਾਹੀਂ ਅਹਿਮਦ ਰਾਹੀ ਦਾ ਪ੍ਰਵੇਸ਼ ਹੋ ਚੁੱਕਿਆ ਸੀ. ਇਸ ਤੋਂ ਬਾਅਦ ਇੱਕਾ ਦੁੱਕਾ ਹੋਰ ਫਿਲਮਾਂ ਵਿੱਚ ਵੀ ਰਾਹੀ ਦੇ ਗੀਤ ਤਾਂ ਰਿਕਾਰਡ ਹੋਏ ਪਰ ਕੋਈ ਬਹੁਤੀ ਕਾਮਯਾਬੀ ਨਹੀਂ ਮਿਲੀ 1956 ਵਿੱਚ ਨਿਰਮਾਤਾ ਬਾਰੀ ਮਲਿਕ ਨੇ ਸ਼ੇਖ਼ ਇੱਕਬਾਲ ਦੀ ਕਹਾਣੀ ਪੰਜਾਬੀ ਫਿਲਮ ਮਾਹੀ ਮੁੰਡਾ ਬਣਾਈ।




ਇਸ ਦਾ ਸੰਗੀਤ ਬਾਬਾ ਗੁਲਾਮ ਅਹਿਮਦ ਚਿਸ਼ਤੀ ਨੇ ਦਿੱਤਾ। ਪਹਿਲੀ ਵਾਰ ਇਸ ਫਿਲਮ ਦੇ ਸਾਰੇ ਸੰਵਾਦ ਅਹਿਮਦ ਰਾਹੀ ਤੋਂ ਲਿਖਵਾਏ ਗਏ। ਹੋਰਨਾਂ ਗੀਤਕਾਰਾਂ ਦੇ ਨਾਲ ਨਾਲ ਅਹਿਮਦ ਰਾਹੀ ਦੇ ਲਿਖੇ ਚਾਰ ਗੀਤ ਵੀ ਇਸ ਫਿਲਮ ਵਿੱਚ ਸ਼ਾਮਿਲ ਕੀਤੇ ਗਏ। 9 ਮਾਰਚ 1956 ਦਿਨ ਸ਼ੁਕਰਵਾਰ ਨੂੰ ਇਹ ਫਿਲਮ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ। ਇਸ ਫਿਲਮ ਨੇ ਉਸ ਵੇਲੇ ਬਿਹਤਰੀਨ ਪ੍ਰਦਰਸ਼ਨ ਕੀਤਾ ਤੇ ਚੋਖਾ ਮੁਨਾਫ਼ਾ ਖੱਟਿਆ। ਇਸ ਫਿਲਮ ਵਿੱਚੋਂ ਅਹਿਮਦ ਰਾਹੀ ਦਾ ਲਿਖਿਆ ਤੇ ਇਨਾਇਤ ਹੁਸੈਨ ਭੱਟੀ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਉਦਾਸ ਗੀਤ ਬਹੁਤ ਮਕਬੂਲ ਹੋਇਆ ਜਿਸ ਦੇ ਬੋਲ ਸਨ

ਝੂਠੀਏ ਜਹਾਨ ਦੀਏ, ਕੱਚੀਏ ਜ਼ੁਬਾਨ ਦੀਏ
ਹਾਸਿਆਂ ਨੂੰ ਰੋਣਾ ਸੀ ਸਿਖਾਉਣਾ
ਤੇ ਕਿਹੜੀ ਗੱਲੋਂ ਪਿਆਰ ਪਾ ਲਿਆ
ਲੁੱਟ ਲਿਆ ਦਿਲ ਮੇਰਾ ਝੂਠਿਆਂ ਕਰਾਰਾਂ ਨਾਲ
ਆਇਆ ਨਾ ਖਿਆਲ ਤੈਨੂੰ ਧੋਖਾ ਕੀਤਾ ਯਾਰਾਂ ਨਾਲ
ਜੇ ਤੂੰ ਪਿਆਰ ਨੂੰ ਵਪਾਰ ਸੀ ਬਣਾਉਣਾ
ਤੇ ਕਿਹੜੀ ਗੱਲੋਂ ਪਿਆਰ ਪਾ ਲਿਆ

ਰਿਕਾਰਡ ਦਾ ਲੜੀ ਨੰਬਰ ਕੋਲੰਬੀਆ EKCC 5108
ਕੱਪਨੀ- ਈ. ਐਮ. ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੱਗੀਤ - ਜੀ ਏ ਚਿਸ਼ਤੀ
ਆਵਾਜ਼ - ਇਨਾਇਤ ਹੁਸੈਨ ਭੱਟੀ / ਫਿਲਮ - ਮਾਹੀ ਮੁੰਡਾ 1956

ਲਗਭਗ 25 ਹਫਤੇ ਚੱਲਣ ਵਾਲੀ ਇਸ ਸਿਲਵਰ ਜੁਬਲੀ ਫਿਲਮ ਮਾਹੀ ਮੁੰਡਾ ਦੀ ਕਾਮਯਾਬੀ ਨਾਲ ਅਹਿਮਦ ਰਾਹੀ ਪੰਜਾਬੀ ਫ਼ਿਲਮਾਂ ਵਿੱਚ ਪੱਕੇ ਪੈਰੀਂ ਹੋ ਗਿਆ। ਨਾਲ ਦੀ ਨਾਲ ਹੀ ਨਿਰਮਾਤਾ ਐਮ ਨਸੀਮ ਨੇ ਪੰਜਾਬੀ ਫਿਲਮ ਪੀਂਘਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਪੀਂਘਾਂ ਵਿੱਚ ਬਤੌਰ ਸੰਗੀਤਕਾਰ ਬਾਬਾ ਗੁਲਾਮ ਅਹਿਮਦ ਚਿਸ਼ਤੀ ਨੇ ਹੀ ਕੰਮ ਕੀਤਾ।12 ਮਈ 1956 ਨੂੰ ਪੀਂਘਾਂ ਲਾਹੌਰ ਅਤੇ ਕਰਾਚੀ ਦੇ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਇਹ ਵੀ ਕਾਮਯਾਬ ਫ਼ਿਲਮ ਸਾਬਤ ਹੋਈ।ਇਸ ਫਿਲਮ ਵਿੱਚ ਅਹਿਮਦ ਰਾਹੀ ਦਾ ਲਿਖਿਆ ਗੀਤ ਜੋ ਕੌਸਰ ਪ੍ਰਵੀਨ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਅੱਜ ਤੱਕ ਦੇ ਮਕਬੂਲ ਗੀਤਾਂ ਦੀ ਸੂਚੀ ਵਿੱਚ ਸ਼ਾਮਿਲ ਹੈ। ਗੀਤ ਦੇ ਬੋਲ ਹਨ।

ਤੈਨੂੰ ਭੁੱਲ ਗਈਆਂ ਸਾਡੀਆਂ ਚਾਹਵਾਂ, ਵੇ ਅਸਾਂ ਤੈਨੂੰ ਕੀ ਆਖਣਾ
ਸਾਡੇ ਲੇਖਾਂ ਵਿੱਚ ਲਿਖੀਆਂ ਨੇ ਹਾਵਾਂ, ਵੇ ਅਸਾਂ ਤੈਨੂੰ ਕੀ ਆਖਣਾ

ਰਿਕਾਰਡ ਦਾ ਲੜੀ ਨੰਬਰ ਓਡੀਅਨ-EKDC 5043
ਕੰਪਨੀ - ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਜੀ. ਏ. ਚਿਸ਼ਤੀ
ਆਵਾਜ਼ - ਕੌਸਰ ਪ੍ਰਵੀਨ / ਫਿਲਮ - ਪੀਂਘਾਂ 1956

ਬਾਰੀ ਮਲਿਕ ਸਾਹਿਬ ਨੇ ਮਾਹੀ ਮੁੰਡਾ ਦੀ ਅਪਾਰ ਸਫਲਤਾ ਤੋਂ ਬਾਅਦ ਨਵੀਂ ਫ਼ਿਲਮ ਯੱਕੇ ਵਾਲੀ ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਬੇਸ਼ੱਕ ਮਾਹੀ ਮੁੰਡਾ ਦੀ ਕਾਮਯਾਬੀ ਤੋਂ ਬਾਅਦ ਬਾਰੀ ਮਲਿਕ ਤਾਂ ਮਾਲੋ ਮਾਲ ਹੋ ਗਿਆ ਸੀ ਪਰ ਗੀਤਕਾਰ ਤੇ ਸੰਵਾਦ ਲੇਖਕ ਅਹਿਮਦ ਰਾਹੀ ਦੇ ਮਾਲੀ ਹਾਲਾਤ ਬਹੁਤੇ ਵਧੀਆ ਨਹੀਂ ਸਨ ਹੋ ਸਕੇ।ਗੀਤਕਾਰਾਂ ਨਾਲ ਅਕਸਰ ਇੰਝ ਹੀ ਹੁੰਦੈ।ਬਾਰੀ ਮਲਿਕ ਨੇ ਯੱਕੇ ਵਾਲੀ ਦੇ ਗੀਤ ਅਤੇ ਸੰਵਾਦ ਦੁਬਾਰਾ ਫੇਰ ਅਹਿਮਦ ਰਾਹੀ ਤੋਂ ਹੀ ਲਿਖਵਾਏ। ਸੰਗੀਤ ਬਾਬਾ ਗੁਲਾਮ ਅਹਿਮਦ ਚਿਸ਼ਤੀ ਨੇ ਹੀ ਦਿੱਤਾ। ਗੀਤਾਂ ਦੀ ਬਦੌਲਤ ਇਸ ਫਿਲਮ ਨੇ ਕਾਮਯਾਬੀ ਦਾ ਇਤਿਹਾਸ ਰਚਿਆ। 22 ਫਰਵਰੀ 1957 ਨੂੰ ਇਹ ਫਿਲਮ ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਇਹ ਇਤਿਹਾਸ ਹੈ ਕਿ ਯੱਕੇ ਵਾਲੀ ਲਾਹੌਰ ਦੇ ਕੈਪੀਟਲ ਸਿਨੇਮੇ ਵਿੱਚ 50 ਹਫਤੇ ਚੱਲੀ। ਇੱਕ ਲੱਖ ਰੁਪਏ ਦੀ ਲਾਗਤ ਨਾਲ ਬਨਣ ਵਾਲੀ ਇਸ ਫ਼ਿਲਮ ਨੇ ਕਰੋੜਾਂ ਰੁਪਏ ਦਾ ਵਿਉਪਾਰ ਕੀਤਾ। ਇਸ ਫਿਲਮ ਦੀ ਆਮਦਨ ਨਾਲ ਨਿਰਮਾਤਾ ਬਾਰੀ ਮਲਿਕ ਨੇ ਮੁਲਤਾਨ ਰੋਡ ਲਾਹੌਰ ਤੇ 92 ਕਨਾਲ ਵਿੱਚ ਬਾਰੀ ਸਟੂਡੀਓ ਦਾ ਨਿਰਮਾਣ ਕੀਤਾ। ਇਸ ਫਿਲਮ ਵਿੱਚ ਰਾਹੀ ਦੇ ਲਿਖੇ ਗੀਤ ਬੱਚੇ ਬੱਚੇ ਦੀ ਜ਼ੁਬਾਨ ਤੇ ਚੜ੍ਹ ਗਏ ਜਿਹਨਾਂ ਵਿਚ—

ਕੱਲੀ ਸਵਾਰੀ ਬਈ, ਭਾਟੀ ਲੁਹਾਰੀ ਬਈ
ਮਾਲ ਮਕਲੌਡ ਜੀ, ਬੀਡਨ ਰੋਡ ਜੀ

ਰਿਕਾਰਡ ਦਾ ਲੜੀ ਨੰਬਰ :,HMV- EKDC 5008
ਕੰਪਨੀ - ਈ. ਐਮ. ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਜੀ ਏ ਚਿਸ਼ਤੀ
ਆਵਾਜ਼ - ਜੁਬੈਦਾ ਖਾਨਮ ਤੇ ਸਾਥੀ / ਫਿਲਮ - ਯੱਕੇ ਵਾਲੀ 1957

ਅੱਜ ਨਾਲ ਕਿਸੇ ਦੇ ਹੱਸੀਆਂ, ਕਿਸੇ ਦੇ ਮਨ ਵੱਸੀਆਂ
ਕਿ ਅੱਖੀਆਂ ਪਿਆਰ ਰੰਗੀਆਂ

ਰਿਕਾਰਡ ਦਾ ਲੜੀ ਨੰਬਰ ਓਡੀਅਨ: EKDC 5042
ਕੰਪਨੀ - ਈ. ਐਮ. ਆਈ. ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਜੀ.ਏ.ਚਿਸ਼ਤੀ
ਆਵਾਜ਼ - ਜ਼ੁਬੈਦਾ ਖਾਨ / ਫਿਲਮ - ਯੱਕੇ ਵਾਲੀ 1957

ਕੌਲ ਨਹੀਂ ਭੁੱਲਦੇ ਨੇ, ਨੀਰ ਪਏ ਡੁਲਦੇ ਨੇ
ਆਜਾ ਦਿਲ ਜਾਨੀਆਂ,
ਕੱਖਾਂ ਵਿੱਚ ਮੋਤੀ ਪਏ ਰੁਲਦੇ ਨੇ

ਆਜਾ ਮੇਰੇ ਹਾਣੀਆਂ ਰਿਕਾਰਡ ਦਾ ਲੜੀ ਨੰਬਰ- EKDC 5008
ਕੰਪਨੀ -ਈ.ਐਮ.ਆਈ ਕਰਾਚੀ ਪਾਕਿਸਤਾਨੀ
ਗੀਤਕਾਰ - ਅਹਿਮਦ ਰਾਹੀ / ਸੰਗੀਤ - ਜੀ ਏ ਚਿਸ਼ਤੀ
ਆਵਾਜ਼ - ਜ਼ੁਬੈਦਾ ਖਾਨਮ / ਫਿਲਮ - ਯੱਕੇ ਵਾਲੀ 1957

1957 ਵਿੱਚ ਹੀ ਮਲਿਕ ਆਰਟ ਪ੍ਰੋਡਕਸ਼ਨ ਨੇ ਨਿਰਦੇਸ਼ਕ ਅਮੀਨ ਮਲਿਕ ਨੂੰ ਲੈਕੇ ਫਿਲਮ ਪਲਕਾਂ ਦਾ ਨਿਰਮਾਣ ਸ਼ੁਰੂ ਕਰ ਦਿੱਤਾ। ਇਸ ਫਿਲਮ ਦੇ 10 ਦੇ 10 ਗੀਤ ਅਹਿਮਦ ਨੇ ਹੀ ਲਿਖੇ। 2 ਮਈ 1957 ਨੂੰ 'ਪਲਕਾਂ' ਸਿਨੇਮਾ ਘਰਾਂ ਵਿੱਚ ਪ੍ਰਦਰਸ਼ਿਤ ਕੀਤੀ ਗਈ। ਇਹ ਫਿਲਮ ਕੋਈ ਖਾਸ ਮਾਅਰਕਾ ਤਾਂ ਨਹੀਂ ਮਾਰ ਸਕੀ ਪਰ ਇਸ ਦੇ ਗੀਤ ਬਹੁਤ ਮਕਬੂਲ ਹੋਏ। 'ਪਲਕਾਂ' ਵਿੱਚੋਂ ਜ਼ੁਬੈਦਾ ਖਾਨਮ ਦੀ ਆਵਾਜ਼ ਵਿੱਚ ਰਿਕਾਰਡ ਹੋਇਆ ਰਾਹੀ ਦਾ ਗੀਤ ਦੇਖਿਓ। ਜਿਸ ਵਿੱਚ ਉਸ ਦਾ ਉਜਾੜੇ ਵਾਲਾ ਦਰਦ ਨਜ਼ਰ ਆਉਂਦਾ ਹੈ।

ਅੱਜ ਆਪਣੇ ਦੇਸ਼ ਵਿੱਚ ਲੋਕੋ, ਅਸੀਂ ਵਾਂਗ ਪ੍ਰਦੇਸੀਆਂ ਰੁੱਲ ਗਏ
ਸੁੱਚੇ ਮੋਤੀ ਨਿਮਾਣੀਆਂ ਅੱਖੀਆਂ ਦੇ, ਬਣਕੇ ਅੱਥਰੂ ਪੈਰਾਂ ਡੁਲ੍ਹ ਗਏ

ਝੋਲੀ ਪਾਕੇ ਉਮਰਾਂ ਦੇ ਰੋਣਿਆਂ ਨੂੰ, ਚੱਲੀ ਮੈਂ ਅਣਜਾਣਿਆਂ ਵਤਨਾਂ ਨੂੰ
ਸਦਾ ਯਾਦ ਕਰਾਂ ਉਹਨਾਂ ਸੱਜਣਾਂ ਨੂੰ, ਜਿਹੜੇ ਦੂਰ ਜਾਕੇ ਮੈਨੂੰ ਭੁੱਲ ਗਏ
ਕਿਸੇ ਬਦਨਸੀਬ ਦੇ ਲੇਖ ਵਾਂਗੂੰ, ਕਿੱਥੇ ਸੌਂ ਗਿਆਂ ਏ ਰੱਬਾ ਜਾਗਦਿਆ
ਅੱਖਾਂ ਖੋਹਲ ਵੇ ਮਾਲੀਆ ਬਾਗ ਦਿਆ, ਫੁੱਲ ਕੱਡਿਆਂ ਉੱਤੇ ਤੁੱਲ ਗਏ
ਜਿਹੜੇ ਦੇਸ਼ ਤੇ ਕਦੇ ਸੀ ਮਾਣ ਸਾਨੂੰ, ਦੇਸਾਂ ਵਾਲਿਓ ਅੱਜ ਓਸੇ ਦੇਸ਼ ਅੱਦਰ
ਚੁੱਨੀ ਲੱਥ ਗਈ, ਸ਼ਰਮਾਂ ਲੁੱਟ ਗਈਆਂ, ਵੱਗਾਂ ਟੁੱਟ ਗਈਆਂ, ਜੂੜੇ ਖੁਲ੍ਹ ਗਏ

ਰਿਕਾਰਡ ਦਾ ਲੜੀ ਨੰਬਰ : ਓਡੀਅਨ EKDC 5039
ਕੱਪਨੀ - ਈ.ਐਮ.ਆਈ.ਕਰਾਚੀ ਪਾਕਿਸਤਾਨ
ਗੀਤਕਾਰ - ਅਹਿਮਦ ਰਾਹੀ / ਸੱਗੀਤ -ਜੀ. ਏ. ਚਿਸ਼ਤੀ
ਆਵਾਜ਼ - ਜ਼ੁਬੈਦਾ ਖਾਨਮ / ਫਿਲਮ - ਪਲਕਾਂ 1957

(ਚਲਦਾ--ਬਾਕੀ ਅਗਲੇ ਅੰਕ ਵਿੱਚ)




# ਅਮਰੀਕਾ ਦੀ ਦੁਨੀਆ 'ਤੇ ਸਰਦਾਰੀ !!

ਅਮਰੀਕਾ ਨੂੰ ਕੋਈ ਕਿੰਨਾ ਭੰਡੇ, ਨਿੰਦੇ, ਪਰ ਇੱਕ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ ਕਿ ਅੱਜ ਦੀ ਘੜੀ ਅਮਰੀਕਾ ਦਾ ਸਾਰੀ ਦੁਨੀਆ ਤੇ ਪੂਰਾ ਸਿੱਕਾ ਤੇ ਦਬਦਬਾ ਚਲਦਾ, ਦੁਨੀਆ ਦੇ ਬਹੁ ਗਿਣਤੀ ਦੇਸ਼ ਉਹਦਾ ਪਾਣੀ ਭਰਦੇ ਹਨ, ਹਰ ਗੱਲ ਲਈ ਉਹਦੇ ਮੂੰਹ ਵੱਲ ਬਿੱਟ ਬਿੱਟ ਵੇਹਿੰਦੇ ਹਨ, ਹੋਰ ਤਾਂ ਹੋਰ ਅਮਰੀਕਾ ਦੇ ਕੱਟੜ ਵਿਰੋਧੀ ਚੀਨ ਰੂਸ ਇਰਾਨ ਨੋਰਥ ਕੋਰੀਆ ਜਿਹੇ ਮੁਲਕ ਵੀ ਕੋਈ ਕਦਮ ਚੁੱਕਣ ਲੱਗੇ ਵੀਹ ਵਾਰ ਸੋਚਦੇ ਹਨ ਕਿ ਇਸ ਪ੍ਰਤੀ ਅਮਰੀਕਾ ਦਾ ਰੀਐਕਸ਼ਨ ਕੀ ਹੋਵੇਗਾ

ਉਹ ਕਿਹੜਾ ਦਿਨ ਹੈ ਜਦੋਂ ਕਿਸੇ ਨਾ ਕਿਸੇ ਦੇਸ਼ ਦਾ ਮੁੱਖੀ ਜਾਂ ਹੋਰ ਉੱਚ ਅਧਿਕਾਰੀ ਅਮਰੀਕਾ ਦੀ ਸ਼ਰਨ ਵਿੱਚ ਨਹੀਂ ਆਉਂਦਾ ਤੇ ਆਪਣੇ ਮੁਲਕ ਲਈ ਅਮਰੀਕਾ ਦੀ ਸਹਾਇਤਾ ਜਾਂ ਮੇਹਰ ਦੀ ਨਿਗ੍ਹਾ ਨਹੀਂ ਮੰਗਦਾ, ਦੁਨੀਆ ਦੇ ਵੱਖ ਦੇਸ਼ਾਂ ਦੇ ਲੀਡਰਾਂ ਨੂੰ ਅਮਰੀਕਾ ਰਾਸ਼ਟਰਪਤੀ ਜਾਂ ਹੋਰ ਆਗੂਆਂ ਦੀਆਂ ਲਿਲਕੜੀਆਂ ਕੱਢਦੇ ਦੇਖ ਇੰਜ ਮਹਿਸੂਸ ਹੁੰਦਾ ਹੈ ਕਿ ਅਮਰੀਕਾ ਹੀ ਦੁਨੀਆ ਦਾ ਅਸਲੀ ਸਰਦਾਰ ਤੇ ਬਾਦਸ਼ਾਹ ਹੈ ਬਾਕੀ ਬਹੁ ਗਿਣਤੀ ਦੇਸ਼ ਤਾਂ ਬੱਸ ਉਸ ਦੇ ਰਹਿਮੋ ਕਰਮ ਤੇ ਹੀ ਜਿਉਂਦੇ ਹਨ, ਜੇ ਕਿਸੇ ਦੇਸ਼ ਦਾ ਕੋਈ ਲੀਡਰ ਮਾੜੀ ਮੋਟੀ ਅੱਤੜ ਜਾਂ ਆਕੜ ਵਿਖਾਉਣ ਦੀ ਜੁਰਅੱਤ ਜਾਂ ਕੋਸ਼ਿਸ਼ ਕਰਦਾ ਵੀ ਹੈ, ਆਪਣੇ ਦੇਸ਼ ਦੀਆਂ ਆਰਥਿਕ ਤੇ ਰਾਜਨੀਤਕ ਮਜਬੂਰੀਆਂ ਕਾਰਨ, ਕੁਝ ਦਿਨਾਂ ਬਾਅਦ ਫਿਰ ਉਸੇ ਬੋਹੜ ਹੇਠ ਆ ਬਹਿੰਦਾ ਹੈ

ਅਮਰੀਕਾ ਵਿੱਚ ਨਿੱਤ ਦਿਨ ਜੋ ਕੁੱਝ ਵਾਈਟ ਹਾਊਸ ਵਿੱਚ ਜਾਂ ਉਸ ਦੇ ਓਵਲ ਆਫ਼ਿਸ ਵਿੱਚ ਵਾਪਰ ਰਿਹਾ ਹੈ ਉਸ ਨੂੰ ਦੇਖ ਤਾਂ ਇਹੀ ਪ੍ਰਭਾਵ ਬਣਦਾ ਹੈ ਕਿ ਅੱਜ ਦੇ ਮੌਜੂਦਾ ਦੌਰ ਵਿੱਚ ਅਮਰੀਕਾ ਇੱਕ ਅਜਿਹੀ ਸੁਪਰ ਤਾਕਤ ਬਣਿਆ ਹੋਇਆ ਹੈ ਕਿ ਕਿਸੇ ਵੀ ਮੁਲਕ ਲਈ ਉਸ ਨੂੰ ਨਜ਼ਰ ਅੰਦਾਜ਼ ਕਰਨਾ ਤੇ ਉਸ ਨਾਲ ਵੈਰ ਸਹੇੜਨਾ ਬਹੁਤ ਹੀ ਮੁਸ਼ਕਲ ਹੈ, ਉਸ ਦਾ ਇਹ ਸਥਾਨ ਐਵੇਂ ਨੀ ਬਣਿਆ, ਉਹ ਆਪਣੇ ਕਿੱਲੇ ਦੇ ਜ਼ੋਰ ਤੇ ਤੀਂਘੜਦਾ ਹੈ, ਅਮਰੀਕਾ ਦੀ ਆਰਥਿਕਤਾ ਤੇ ਸੈਨਿਕ ਸ਼ਕਤੀ ਦਾ ਲੋਹਾ ਸਾਰੀ ਦੁਨੀਆ ਮੰਨਦੀ ਹੈ, ਰੂਸ ਤੇ ਚੀਨ ਕਿਸੇ ਦੀ ਨੂੰਹ ਧੀ ਨਾਲੋਂ ਘੱਟ ਨਹੀਂ, ਪਰ ਅਮਰੀਕਾ ਦੇ ਮੁਕਾਬਲੇ ਉਹ ਵੀ ਅਜੇ ਆਪਣੇ ਆਪ ਨੂੰ ਪਿੱਛੇ ਸਮਝਦੇ ਹਨ, ਇਸ ਕਰਕੇ ਦੁਨੀਆ ਵਿੱਚ ਜੋ ਕੁੱਝ ਵੀ ਵਾਪਰ ਰਿਹਾ ਹੈ, ਭਾਵੇਂ ਕਿਹੜਾ ਦੇਸ਼ ਕਿਹੜੇ ਨਾਲ ਲੜ ਭਿੜ ਰਿਹਾ ਹੈ, ਇਸ ਸਭ ਕਾਸੇ ਵਿੱਚ ਅਮਰੀਕਾ ਦਾ ਉੱਘਾ ਰੋਲ ਜ਼ਰੂਰ ਹੈ, ਉਸ ਦੇ ਹੁਕਮ, ਸਹਾਇਤਾ ਦਾਖਿਲ ਜਾਂ ਪ੍ਰਵਾਨਗੀ ਤੋਂ ਬਿਨਾਂ ਇਨ੍ਹਾਂ ਦੇਸ਼ਾਂ ਦਾ ਅਜਿਹਾ ਕਰ ਸਕਣਾ ਕਿਸੇ ਤਰ੍ਹਾਂ ਸੰਭਵ ਨਹੀ, ਇਸ ਲਈ ਅਮਰੀਕਾ ਜੇ ਚਾਹੇ ਤਾਂ ਕਿਸੇ ਵੀ ਲੜਾਈ ਝਗੜੇ ਨੂੰ ਜਦ ਚਾਹੇ ਮਿਟਾ ਵੀ ਸਕਦਾ ਤੇ ਚਾਹੇ ਤਾਂ ਕਿੰਨਾ ਵਧਾ ਵੀ ਸਕਦਾ, ਇੰਜ ਲੱਗਦਾ ਦੁਨੀਆ ਵਿੱਚ ਅਮਨ ਰੱਖਣਾ ਹੈ ਜਾਂ ਜੰਗ ਲਾਉਣੀ ਹੈ, ਹੋਰ ਗੱਲਾਂ ਦੇ ਨਾਲ ਨਾਲ ਇਸ ਗੱਲ ਤੇ ਵੀ ਨਿਰਭਰ ਕਰਦਾ ਕਿ ਇਸ ਬਾਰੇ ਅਮਰੀਕਾ ਕੀ ਸੋਚਦਾ, ਉਸ ਦੀ ਨੀਤੀ ਕੀ ਹੈ, ਉਸ ਦਾ ਹਿੱਤ ਕਿਸ ਗੱਲ ਚ ਹੈ

ਅਮਰੀਕਾ ਦੀ ਇਹ ਸਰਦਾਰੀ,ਦਬਦਬਾ ਤੇ ਪ੍ਰਭਾਵ ਅੱਜ ਦਾ ਹੀ ਨਹੀਂ,ਪਹਿਲੇ ਤੇ ਦੂਜੇ ਮਹਾਂ ਯੁੱਧਾਂ ਦੇ ਸਮਿਆਂ ਤੋਂ ਚੱਲਿਆ ਆ ਰਿਹਾ ਹੈ, ਜਦ ਚੀਨ ਅਤੇ ਰੂਸ ਵਿੱਚ ਇਨਕਲਾਬ ਆਏ ਸਨ ਤਾਂ ਇਹ ਚਰਚਾ ਬਹੁਤ ਜ਼ੋਰ ਨਾਲ ਚੱਲੀ ਸੀ ਕਿ ਹੁਣ ਅਮਰੀਕੀ ਸਾਮਰਾਜ ਦੇ ਦਿਨ ਪੁੱਗਣ ਵਾਲੇ ਹਨ, ਇਸ ਨੇ ਛੇਤੀ ਹੀ ਢਹਿ ਢੇਰੀ ਹੋ ਜਾਣਾ ਹੈ, ਪਰ ਅਸੀਂ ਦੇਖ ਰਹੇਂ ਹਾਂ ਕਿ ਉਹ ਸਮਾਜਵਾਦੀ ਕੈਂਪ ਤਾਂ ਜਰੂਰ ਸੁੰਗੜ ਗਿਆ ਹੈ, ਕਿਸੇ ਨਾ ਕਿਸੇ ਹੱਦ ਤੀਕ ਸਰਮਾਏਦਾਰੀ ਤੇ ਕਾਰਪੋਰੇਟ ਸਿਸਟਮ ਵੱਲ ਸਰਕ ਗਿਆ ਹੈ ਪਰ ਅਮਰੀਕਾ ਅਜੇ ਵੀ ਆਪਣਾ ਉਹੀ ਚਮਕ ਦਮਕ, ਰੋਹਬ ਦਾਬ, ਸਰਦਾਰੀ ਬਣਾਈ ਬੈਠਾ ਹੈ,

ਇਹ ਵੀ ਨਹੀਂ ਕਿ ਇਥੋਂ ਦੇ ਲੋਕ ਤੰਗ ਜਾਂ ਦੁੱਖੀ ਹਨ, ਉਹ ਵੀ ਮਿਹਨਤਾਂ ਦੇ ਸਿਰ ਤਰੱਕੀਆਂ ਕਰ ਰਹੇ ਹਨ, ਚੀਨ ਰੂਸ ਜਾਂ ਕਿਸੇ ਵੀ ਹੋਰ ਮੁਲਕ ਨਾਲੋਂ ਇਥੋਂ ਦੇ ਲੋਕਾਂ ਨੂੰ ਜ਼ਿਆਦਾ ਆਜ਼ਾਦੀਆਂ ਤੇ ਖੁੱਲਾਂ ਹਨ, ਸਰਕਾਰ ਦਾ ਉਹਨਾਂ ਦੇ ਜੀਵਨ ਵਿੱਚ ਬਹੁਤ ਘੱਟ ਦਖਲ ਹੈ,ਇਥੋਂ ਦਾ ਸਿਸਟਮ ਵੀ ਭਿਰਸ਼ਟਾਚਾਰ ਤੋਂ ਵੱਡੀ ਹੱਦ ਤੀਕ ਮੁਕਤ ਹੈ

ਅਮਰੀਕਾ ਨੂੰ ਦੇਖ ਤਾਂ ਇੰਜ ਲੱਗਦਾ ਹੈ ਕਿ ਸੱਚਮੁੱਚ ਦਾ ਆਜ਼ਾਦ ਮੁਲਕ ਤਾਂ ਅਸਲ ਚ ਅਮਰੀਕਾ ਹੀ ਹੈ, ਬਾਕੀ ਬਹੁ ਗਿਣਤੀ ਦੇਸ਼ ਕਹਿਣ ਨੂੰ ਤਾਂ ਭਾਵੇਂ ਕਿੰਨੇ ਆਜ਼ਾਦ ਤੇ ਘੈਂਟ ਨੇ,ਪਰ ਇਨ੍ਹਾਂ ਦੀ ਜਾਨ ਤੇ ਸ਼ਾਨ ਅਮਰੀਕਾ ਦੇ ਹੱਥ ਹੈ,ਇਸ ਹਾਲਾਤ ਨੂੰ ਦੇਖ ਸਾਡੇ ਸਭ ਦੇ ਮਨ ਵਿੱਚ ਇਹ ਸੁਆਲ ਉੱਠਣਾ ਜਰੂਰੀ ਹੈ ਕਿ ਜੇਕਰ ਅਮਰੀਕਾ ਆਪਣੀ ਹਿੰਮਤ ਨਾਲ ਬਰਤਾਨੀਆ ਦੀ ਇੱਕ ਬਸਤੀ ਤੋਂ ਆਜ਼ਾਦੀ ਜਿੱਤ ਕਿ ਆਪਣੀ ਮਿਹਨਤ ਤੇ ਸਿਦਕ ਨਾਲ ਇਥੋਂ ਤੀਕ ਪਹੁੰਚ ਸਕਦਾ ਹੈ ਤਾਂ ਬਾਕੀ ਦੇਸ਼ਾਂ ਨੂੰ ਕੀ ਗੋਲੀ ਵੱਜੀ ਹੈ ? ਉਹ ਆਪੋ ਆਪਣੇ ਮੁਲਕਾਂ ਨੂੰ ਇਸ ਮੁਕਾਮ ਤਕ ਕਿਉਂ ਨੀ ਲਿਜਾ ਸਕਦੇ ?

(ਮਾਨਸਾ-ਮੋਗਾ ਆਲੇ ਬਾਈ ਨਰਿੰਦਰ ਚਹਿਲ ਦੀ ਫੇਸ ਬੁੱਕ ਉਪਰੋਂ ਪੰਜਾਬੀ ਅਖ਼ਬਾਰ ਦੇ ਪਾਠਕਾਂ ਲਈ)






# ਕਦੋਂ ਹੈ ਮਾਲੀਆਂ ਨੂੰ ਹੁਣ ਖਿੜੀ ਗੁਲਜ਼ਾਰ ਦੀ ਚਿੰਤਾ

ਕਦੋਂ ਹੈ ਮਾਲੀਆਂ ਨੂੰ ਹੁਣ ਖਿੜੀ ਗੁਲਜ਼ਾਰ ਦੀ ਚਿੰਤਾ
ਖ਼ੁਦਾ ਨੂੰ ਵੀ ਨਹੀਂ ਆਪਣੇ ਸੰਸਾਰ ਦੀ ਚਿੰਤਾ
ਕਹੋ ਹੁਣ ਇਸ ਨੂੰ ਹੈਵਾਨ ਭਾਵੇਂ ਜੰਗਲੀ, ਖ਼ੂਨੀ
ਨਹੀਂ ਹੈ ਆਦਮੀ ਨੂੰ ਆਪਣੇ ਕਿਰਦਾਰ ਦੀ ਚਿੰਤਾ (ਹਰਜਿੰਦਰ ਕੰਗ)

ਤਰਜ਼ੇ ਜ਼ਿੰਦਗੀ ਨੇ ਜਦੋਂ ਦੀ ਰਫ਼ਤਾਰ ਤੇਜ਼ ਕਰ ਲਈ ਹੈ, ਸਾਡਾ ਸਹਿਜ, ਠਰ੍ਹੰਮਾਂ ਤੇ ਤਹੱਮਲ ਸਭ ਖੋਹ ਲਿਆ ਹੈ। ਇਸ ਨਿੱਤ ਦੀ ਭੱਜ-ਦੌੜ ਵਿੱਚ ਅਸੀਂ ਆਲ਼ੇ-ਦੁਆਲ਼ੇ ਦੇ ਖ਼ੂਬਸੂਰਤ ਪਲਾਂ ਨੂੰ ਅਣਗੌਲ਼ਿਆ ਹੀ ਕਰੀ ਰਖਦੇ ਹਾਂ। ਜੋ ਕੋਲ਼ ਹੈ ਉਸ ਨੂੰ ਵੇਖਦੇ ਖੀਵੇ ਨਹੀਂ ਹੁੰਦੇ, ਦਾਤੇ ਦੇ ਸ਼ੁਕਰਗੁਜ਼ਾਰ ਨਹੀਂ ਹੁੰਦੇ, ਸਗੋਂ ਜੋ ਨਹੀਂ ਮਿਲਿਆ ਉਸੇ 'ਤੇ ਝੂਰਦੇ ਕਈ ਉਲਾਂਭੇ ਸਿਰਜ ਬੈਠਦੇ ਹਾਂ। ਇੱਕ ਵਾਰ ਸਵਾਮੀ ਵਿਵੇਕਾ ਨੰਦ ਨੂੰ ਕਿਸੇ ਅੱਖੀਆਂ ਤੋਂ ਜੋਤ-ਹੀਣ ਵਿਅੱਕਤੀ ਨੇ ਕਿਹਾ,"ਮੈਂ ਕਿੰਨਾਂ ਅਭਾਗਾ ਹਾਂ ਜੋ ਇਸ ਜੱਗ ਦੀ ਖ਼ੂਬਸੂਰਤੀ ਨਹੀਂ ਵੇਖ ਸਕਦਾ"। ਸਵਾਮੀ ਜੀ ਨੇ ਜਵਾਬ ਦਿੱਤਾ ਕਿ ਕਈ ਅੱਖੀਆਂ ਦੇ ਹੁੰਦੇ ਸੁੰਦੇ ਵੀ ਅੰਤਰ-ਦ੍ਰਿਸ਼ਟੀ ਨਹੀਂ ਰਖਦੇ ਉਹ ਵੱਧ ਅਭਾਗੇ ਹਨ। ਅਜਿਹੀ ਦ੍ਰਿਸ਼ਟੀ ਜੋ ਜੱਗ ਨੂੰ ਨੀਝ ਲਾ ਕੇ ਵੇਖਣ ਦੀ ਫੁਰਸਤ ਅਤੇ ਨੀਯਤ ਰਖਦੀ ਹੋਵੇ, ਘੱਟ ਲੋਕਾਂ ਕੋਲ਼ ਹੀ ਹੁੰਦੀ ਹੈ। ਅਸੀਂ ਗੌਲ਼ਦੇ ਨਹੀਂ, ਸਾਡੇ ਸਾਰਿਆਂ ਕੋਲ਼ ਸੱਤੇ ਅਜੂਬੇ ਰੱਬ ਨੇ ਦੇ ਰੱਖੇ ਹਨ, ਜਿਵੇਂ ਵੇਖਣ, ਸੁਨਣ, ਛੋਹਣ, ਮਹਿਸੂਸ ਕਰਨ, ਹੱਸਣ, ਪਿਆਰਨ ਅਤੇ ਬੋਲਣ ਦੇ ਹਨ। ਪਰ ਅਸੀਂ ਇਨ੍ਹਾਂ ਸਭ ਨਿਆਮਤਾਂ ਨੂੰ 'ਚੱਲ ਹੋਊ ਪਰੇ' ਕਹੀ ਰਖਦੇ ਹਾਂ। ਸਾਨੂੰ ਰੱਬ ਨੇ ਸਬਕ ਸਿੱਖਣ ਲਈ ਕੁਦਰਤ ਵਿੱਚ ਕਈ ਕੁੱਝ ਰੱਖ ਦਿੱਤਾ ਹੈ, ਜਿਵੇਂ ਜ਼ਿੰਦਗੀ ਜਿਊਣ ਲਈ ਚੰਦ ਤੋਂ ਸਬਕ ਲੈ ਸਕਦੇ ਹਾਂ ਜੋ ਹਨੇਰੇ ਵਿੱਚ ਕਿਰਨਾਂ ਬਿਖੇਰਦਾ ਹੈ, ਸਵੇਰ ਹੋਣ ਸਾਰ ਵੱਡੀ ਰੌਸ਼ਨੀ ਮੂਹਰੇ ਸਮਰਪਿਤ ਹੋ ਜਾਂਦਾ ਹੈ। ਪੰਛੀਆਂ ਤੋਂ ਚੋਗਾ ਚੁਗ ਕੇ ਗੀਤ ਗਾਉਣ ਦਾ, ਫੁੱਲਾਂ ਤੋਂ ਹੱਸਣ ਅਤੇ ਜੜ੍ਹਾਂ ਤੱਕ ਵਫ਼ਾਦਾਰੀ ਨਿਭਾਅ ਜਾਣ ਦਾ, ਫਲ਼ਾਂ ਤੋਂ ਬਾਹਰੋਂ ਸੁੰਦਰ ਅਤੇ ਅੰਦਰੋਂ ਤੰਦਰੁਸਤੀ ਦਾਨ ਕਰਨ ਦਾ, ਦਿਨ ਅਤੇ ਰਾਤ ਤੋਂ ਅਨੁਸ਼ਾਸ਼ਨ ਵਿੱਚ ਵਾਰੀ ਨਿਭਾਅ ਜਾਣ ਦਾ ਅਤੇ ਪਾਣੀ ਤੋਂ ਹਮੇਸ਼ਾ ਅੱਗੇ ਵੱਲ ਵਧਣ ਦਾ। ਪਰ ਅਸੀਂ ਰੱਬ ਦੀਆਂ ਸਭ ਨਿਆਮਤਾਂ, ਸੁਗਾਤਾਂ ਤੋਂ ਪਿੱਠ ਕਰਦੇ ਕੇਵਲ ਆਪਣੇ ਨਿੱਜ ਤੀ ਹੀ ਪ੍ਰਿਕਰਮਾ ਕਰਦੇ ਕੇਵਲ ਆਪਣੇ ਸ੍ਵੈ ਉਪਰ ਹੀ ਕੇਂਦ੍ਰਿਤ ਹੋਏ ਫਿਰਦੇ ਹਾਂ। ਅੱਜ ਆਪੋ-ਧਾਪੀ ਵਾਲ਼ੇ ਲੋਕ ਇਹ ਸੋਚਦੇ ਹਨ ਕਿ'ਜੇਬ ਮੇਂ ਅਗਰ ਲਕਸ਼ਮੀ ਕਾਂਤ ਹੋ ਜ਼ਿੰਦਗੀ ਖ਼ੁਦ-ਬ-ਖ਼ੁਦ ਪਿਆਰੇ ਲਾਲ ਹੋ ਜਾਤੀ ਹੈ'। ਪਰ ਸਕੂਨ ਦੀ ਪ੍ਰਾਪਤੀ ਸੌ ਸਾਧਨ ਜੁਟਾ ਕੇ ਵੀ ਨਹੀਂ ਮਿਲਦੀ। ਸਾਡੀ ਇਸ ਅਣਗਹਿਲੀ ਸੰਬੰਧੀ ਇੱਕ ਘਟਨਾ ਯਾਦ ਆ ਰਹੀ ਹੈ।

ਇੱਕ ਵਾਰੀ ਇੱਕ ਸਾਜ਼ਿੰਦਾ 2009 ਦੀ ਜਨਵਰੀ ਦੀ ਠੰਢ ਵਿੱਚ ਵਾਸ਼ਿੰਗਟਨ ਡੀ.ਸੀ. ਦੇ ਰੇਲਵੇ ਪਲੇਟਫਾਰਮ 'ਤੇ ਵਾਇਲਨ ਵਜਾ ਰਿਹਾ ਸੀ। ਇੱਕ ਭੱਜੀ ਜਾਂਦੀ ਔਰਤ ਨੇ ਉਸ ਅੱਗੇ ਡਾਲਰ ਸੁੱਟ ਦਿੱਤਾ। ਉਸ ਨੇ 45 ਮਿੰਟ ਵਾਇਲਨ ਵਜਾਈ, ਕੇਵਲ 6 ਆਦਮੀ ਕੁੱਝ ਸਕਿੰਟਾਂ ਲਈ ਰੁਕੇ। ਮਾਂ ਦਾ ਹੱਥ ਫੜੀ ਜਾਂਦਾ ਇੱਕ ਤਿੰਨ ਸਾਲਾ ਬੱਚਾ ਮੁੜ-ਮੁੜ ਪਿੱਛੇ ਦੇਖਦਾ ਰੁਕ ਰਿਹਾ ਸੀ ਪਰ ਮਾਂ ਉਸ ਨੂੰ ਘਸੀਟਦੀ ਰਹੀ। ਵੀਹ ਜਣੇ ਤੁਰੇ ਜਾਂਦੇ ਪੈਸੇ (ਅਮਰੀਕੀ ਸਿੱਕੇ) ਸੁੱਟ ਗਏ। ਕੁੱਲ 32 ਡਾਲਰ ਹੋਏ। ਉਹ ਸਾਜ਼ਿੰਦਾ ਸੀ ਦੁਨੀਆਂ ਦਾ ਮਸ਼ਹੂਰ ਵਾਇਲਨਵਾਦਕ ਜੋਸ਼ਨਾ ਬੈੱਲ। ਹਫ਼ਤੇ ਪਿੱਛੋਂ ਉਸ ਦੇ ਪ੍ਰੋਗਰਾਮ ਵਿੱਚ 100 ਸੀਟਾਂ ਵਾਲ਼ੇ ਕਿਸੇ ਹਾਲ ਵਿੱਚ ਟਿਕਟਾਂ ਨਾਲ਼ ਪੂਰਾ ਹਾਊਸ-ਫੁਲ ਸ਼ੋ ਹੋ ਗਿਆ। ਲੋਕਾਂ ਨੇ ਬਲੈਕ ਵਿੱਚ ਟਿਕਟਾਂ ਲਈਆਂ। ਸੋਚ ਸਕਦੇ ਹਾਂ ਲੋਕਾਂ ਦੇ ਸੁਆਦ, ਰੁਚੀਆਂ ਵੀ ਹੋਰਨਾਂ 'ਤੇ ਮੁਥਾਜ ਹੋ ਰਹੀਆਂ ਹਨ। ਕੀ ਅਸੀਂ ਖ਼ੂਬਸੂਰਤੀ ਨੂੰ ਮਾਨਣਾ ਚਾਹ ਰਹੇ ਹਾਂ ? ਪਤਾ ਨਹੀਂ ਇਸ ਭੱਜ-ਨੱਠ ਵਿੱਚ ਕਿੰਨਾ ਕੁੱਝ ਅਣਗੌਲ਼ਦੇ ਅਸੀਂ ਕੀ ਕੁੱਝ ਛੱਡੀ ਜਾ ਰਹੇ ਹਾਂ। ਗੁਲਜ਼ਾਰ ਦੀਆਂ ਇਹ ਸਤਰਾਂ ਗੌਲਣਯੋਗ ਹਨ-

ਸਹਿਮ ਸੀ ਗਈ ਹੈਂ ਖ਼ਵਾਹਿਸ਼ੇਂ
ਸ਼ਾਇਦ ਜ਼ਰੂਰਤੋਂ ਨੇ
ਊਂਚੀ ਆਵਾਜ਼ ਮੇਂ ਬਾਤ ਕੀ ਹੋਗੀ।

## ਪੁਸਤਕ ਸਮੀਖਿਆ

# ਸਰਹੱਦਾਂ ਨੀਂ ਬੋਲਦੀਆਂ/ਜਿਊਣ ਜੋਗੇ




ਸਮੀਖਿਆਕਾਰ
ਜਗਦੇਵ ਸਿੱਧੂ
825 712 1135

ਇਹ ਦੋ ਪੁਸਤਕਾਂ ਸਰਦੂਲ ਸਿੰਘ ਲੱਖਾ ਦੇ ਕਹਾਣੀ-ਸੰਗ੍ਰਹਿ ਹਨ। ਸਰਵਣ ਸਿੰਘ ਖੇਡ-ਲਿਖਾਰੀ ਤੇ ਮੰਗਲ਼ ਹਠੂਰ ਗੀਤਕਾਰ, ਸਰਦੂਲ ਦੇ ਗਵਾਂਢੀ ਪਿੰਡ ਚਕਰ ਅਤੇ ਹਠੂਰ ਦੇ ਉੱਘੇ ਨਾਂ ਹਨ। ਸਰਦੂਲ ਨੇ ਭਾਰਤੀ ਹਵਾਈ ਸੈਨਾ ਦੀ ਨੌਕਰੀ ਕੀਤੀ, ਸੇਵਾ-ਮੁਕਤੀ ਮਗਰੋਂ ਕਈ ਸਾਲ ਆਪਣੇ ਪਿੰਡ ਲੱਖਾ ਵਿਚ ਸਕੂਲ ਖੋਲ੍ਹ ਕੇ ਬੱਚਿਆਂ ਨੂੰ ਪੜ੍ਹਾਇਆ, ਉਨ੍ਹਾਂ ਤੋਂ ਆਪਣੇ ਲਿਖੇ ਨਾਟਕ ਖਿਡਵਾਏ। ਆਪ ਉਹ ਹਾਕੀ ਅਤੇ ਕਬੱਡੀ ਦਾ ਖਿਡਾਰੀ, ਕੋਚ ਤੇ ਰੈਫ਼ਰੀ। ਉਸ ਨੇ ਟਿੰਡਾਂ ਵਾਲ਼ੇ ਖੂਹ ਵੀ ਗੇੜੇ, ਮੋਟਰਾਂ ਵਾਲ਼ੀਆਂ ਬੰਬੀਆਂ ਦੇ ਔਲੂਆਂ ਚ ਵੀ ਨਹਾਇਆ, ਉਸ ਨੇ ਬੱਕਰੀਆਂ ਦੇ ਇੱਜੜ ਅਤੇ ਗਊਆਂ ਦੇ ਵੱਗ ਚਰਦੇ ਵੀ ਵੇਖੇ, ਰਾਹਾਂ ਚ ਉਡਦੀ ਧੂੜ ਵੀ ਫੱਕੀ, ਖੇਤੀ ਕੀਤੀ, ਮਸਤ ਬੋਤਿਆਂ ਦੀਆਂ ਮੁਹਾਰਾਂ ਫੜੀਆਂ, ਬਲ਼ਦਾਂ ਦੇ ਹਰਨਾੜੀਆਂ ਪਾਈਆਂ, ਕੁੜੀਆ-ਕੱਤਰੀਆਂ ਦੀਆਂ, ਭਰਜਾਈਆਂ, ਚਾਚੀਆਂ, ਤਾਈਆਂ ਦੀਆਂ ਗੱਲਾਂ ਸੁਣੀਆਂ, ਤੀਆਂ ਦੇ ਝੁਰਮਟ ਵਿਚ ਜਾ ਕੇ ਗੀਤ ਸੁਣੇ, ਨਾਨੀਆਂ, ਦਾਦੀਆਂ ਤੋਂ ਬਾਤਾਂ ਸੁਣੀਆਂ, ਖੁੰਢਾਂ ਤੇ ਬੈਠ ਕੇ ਆੜੀਆਂ-ਬੇਲੀਆਂ ਨਾਲ਼ ਜੱਕੜ ਮਾਰੇ, ਸੱਥਾਂ ਵਿਚ ਬਹਿ ਕੇ ਬਜ਼ੁਰਗਾਂ ਦੀਆਂ ਨਸੀਹਤਾਂ, ਹਾਸੇ-ਮਖੌਲ ਵਾਲ਼ੀਆਂ ਟਿੱਚਰਾਂ ਸੁਣੀਆਂ ਅਤੇ ਇਤਿਹਾਸ ਦੇ ਪ੍ਰਸੰਗ ਸੁਣੇ, ਅਖਾੜਿਆਂ ਵਿਚ ਮੱਲਾਂ ਦੇ ਘੋਲ਼ ਵੇਖੇ, ਬਾਜ਼ੀਆਂ ਪੈਂਦੀਆਂ ਵੇਖੀਆਂ, ਮੇਲਿਆਂ ਵਿਚ ਕਵੀਸ਼ਰਾਂ ਦੇ ਗੌਣ ਸੁਣੇ। ਪਿੰਡ ਦੀ ਫ਼ਿਜ਼ਾ ਵਿਚ ਗੂੰਜਦੇ ਲੋਕ-ਗੀਤ ਸੁਣੇ। ਸੁਰਤ ਸੰਭਾਲਣ ਤੋਂ ਲੈ ਕੇ ਹੁਣ ਤੱਕ ਹੋਈ ਯੁਗ-ਬਦਲੀ ਵੇਖੀ। ਏਨੇ ਤਜਰਬੇ, ਅਹਿਸਾਸ, ਵਲਵਲੇ, ਨਜ਼ਾਰੇ, ਕੌੜੇ-ਮਿੱਠੇ ਅਨੁਭਵ, ਵੰਨ-ਸੁਵੰਨੇ ਖਿਆਲ ਉਸ ਦੇ ਸੰਵੇਦਨਸ਼ੀਲ ਮਨ ਅੰਦਰ ਖੌਰੂ ਪਾਉਣ ਲੱਗੇ ਤਾਂ ਕਲਮ ਫੜ ਲਈ। ਕਦੇ ਕਵਿਤਾ ਲਿਖਦਾ, ਕਦੇ ਲਘੂ ਨਾਟਕ, ਕਦੇ ਇਕਾਂਗੀ ਨਾਟਕ, ਕਦੇ ਨਿੱਕੀ ਕਹਾਣੀ ਕਦੇ ਬਾਲ-ਕਹਾਣੀ। ਉਹ ਆਸਟਰੇਲੀਆ ਵੀ ਗਿਆ, ਬਰਤਾਨੀਆਂ ਵੀ, ਅਮਰੀਕਾ ਵੀ ਤੇ ਅੱਜ ਕੱਲ੍ਹ ਕੈਨੇਡਾ ਦੀ ਮਹਾਂਨਗਰੀ ਕੈਲਗਰੀ ਵਿਚ ਇੱਥੋਂ ਦੀਆਂ ਸਾਹਿਤ ਸਭਾਵਾਂ ਦਾ ਸਰਗਰਮ ਮੈਂਬਰ ਹੈ। ਜੋ ਭਾਂਤ-ਸੁਭਾਂਤੀ ਸਮੱਗਰੀ ਉਸ ਦੇ ਚੇਤਨ-ਅਵਚੇਤਨ ਮਨ ਵਿਚ ਭਰੀ ਪਈ ਉੱਸਲ਼ਵੱਟੇ ਲੈ ਰਹੀ ਹੈ, ਉਸ ਨੂੰ ਕਾਗਜ਼ਾਂ ਤੇ ਵਿਛਾਉਣ ਲਈ ਕਾਹਲ਼ਾ ਜਾਪਦਾ ਹੈ। ਇੱਥੇ ਉਸ ਦੇ ਦੋ ਉਪ੍ਰੋਕਤ ਕਹਾਣੀ-ਸੰਗ੍ਰਹਿਆਂ ਦਾ ਲੇਖਾ-ਜੋਖਾ ਕਰਨਾ ਹੈ।

ਸਰਹੱਦਾਂ ਨੀਂ ਬੋਲਦੀਆਂ ਸਰਦੂਲ ਸਿੰਘ ਲੱਖਾ ਦਾ ਪਲੇਠਾ ਕਹਾਣੀ-ਸੰਗ੍ਰਹਿ ਹੈ ਜਿਸ ਦੇ 124 ਸਫ਼ਿਆਂ ਅੰਦਰ ਵੀਹ ਕਹਾਣੀਆਂ ਸ਼ਾਮਲ ਹਨ। ਸਾਰੀਆਂ ਕਹਾਣੀਆਂ ਪੇਂਡੂ ਜੀਵਨ ਦੀ ਅਮੀਰ ਵਿਰਾਸਤ ਵਿੱਚੋਂ ਪੈਦਾ ਹੋਈਆਂ ਹਨ। ਪਿੰਡਾਂ ਦੀ ਆਰਥਿਕਤਾ, ਕਿਰਸਾਨੀ ਦੀ ਰੂਪ-ਰੇਖਾ ਅਤੇ ਦਸ਼ਾ, ਪਰਿਵਾਰਿਕ ਰਿਸ਼ਤੇ, ਪਰਵਾਸ ਦੀ ਬਿਰਤੀ ਅਤੇ ਇਸ ਦੇ ਅਸਰ, ਸਮੇਂ ਦੇ ਨਾਲ਼ ਬਦਲਦੀਆਂ ਕਦਰਾਂ-ਕੀਮਤਾਂ, ਵੋਟਾਂ ਦੀ ਰਾਜਨੀਤੀ, ਨਸ਼ਿਆਂ ਦਾ ਪ੍ਰਕੋਪ, ਰਿਸ਼ਵਤਖੋਰੀ, ਗ਼ੁਰਬਤ, ਭਾਈਚਾਰਕ ਸਾਂਝ ਦੀਆਂ ਤੰਦਾਂ ਆਦਿ ਇਨ੍ਹਾਂ ਕਹਾਣੀਆਂ ਦੇ ਸਰੋਕਾਰੀ ਵਿਸ਼ੇ ਹਨ।

ਕਹਾਣੀ ਲੀਡਰੀ ਵਿਚ ਚੋਣ ਜਿੱਤਣ ਖਾਤਰ ਕੀਤੀ ਜਾ ਰਹੀ ਫ਼ਜ਼ੂਲ ਖ਼ਰਚੀ, ਘਰ ਅਤੇ ਰਿਸ਼ਤਿਆਂ ਦੇ ਨਿਘਾਰ ਦੀ ਗੱਲ ਕੀਤੀ ਹੈ। ਸ਼ਰਧਾਂਜਲੀ ਵਿਚ ਬਜ਼ੁਰਗ ਜੋੜੀ ਦੁਆਰਾ ਪੁੱਤ ਦੇ ਬਾਹਰ ਜਾਣ ਕਾਰਨ ਇਕਲਾਪੇ ਦਾ ਸੰਤਾਪ ਹੰਢਾਉਣ ਦਾ ਮੁੱਦਾ ਹੈ। ਕਹਾਣੀ ਛੱਪੜ ਦੇ ਕਿਨਾਰੇ ਪੇਂਡੂ ਜੀਵਨ ਦੀ ਤਸਵੀਰ ਪੇਸ਼ ਕਰਦੀ ਹੈ ਜਿੱਥੇ ਨਸ਼ੇ ਅਤੇ ਕਰਜ਼ੇ ਦੀਆਂ ਅਲਾਮਤਾਂ ਭਾਰੂ ਹਨ। ਕਹਾਣੀ ਵਗਦੇ ਦਰਿਆਵਾਂ ਵਰਗੇ ਜਾਤ-ਪਾਤ ਉਪਰ ਤਕੜਾ ਵਿਅੰਗ ਕਸਦੀ ਹੈ, ਵਾਰਤਾਲਾਪ ਕਮਾਲ ਦੀ ਹੈ, ਉਾਰੀ ਵੀ ਵਧੀਆ ਅਤੇ ਅੰਤ ਕਲਾਤਮਿਕ ਹੈ। ਕਹਾਣੀ 498 ਏ ਅੰਤਰਜਾਤੀ ਵਿਆਹ ਬਾਰੇ ਹੈ, ਕਹਾਣੀ ਦੀ ਉਸਾਰੀ ਕਰਦਿਆਂ ਰਿਸ਼ਤਿਆਂ ਦੀ ਟੁੱਟ-ਭੱਜ ਅਤੇ ਰਿਸ਼ਵਤਖੋਰੀ ਦੇ ਮੁੱਦਿਆਂ ਨੂੰ ਉਭਾਰਿਆ ਗਿਆ ਹੈ। ਕਸਤੂਰੀ ਵਿਚ ਸਰਕਾਰੀ ਦਫ਼ਤਰਾਂ ਅੰਦਰ ਘਰ ਕਰ ਚੁੱਕੀ ਰਿਸ਼ਵਤਖੋਰੀ ਦੀ ਵਿਥਿਆ ਹੈ। ਕਹਾਣੀ ਉਹ ਸ਼ੀਲਾ ਮਰ ਗਈ ਗ਼ੁਰਬਤ ਦੀ ਦਾਸਤਾਨ ਤਾਂ ਹੈ ਹੀ, ਸ਼ਰਾਬੀ ਪਿਉ ਦੁਆਰਾ ਧੀ ਨੂੰ ਵੇਚਣ ਦੀ ਨੌਬਤ ਵੀ ਹੈ। ਅੰਤ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਸੋਚ ਨੂੰ ਝੰਜੋੜਨ ਵਾਲ਼ਾ ਹੈ - 26 ਜਨਵਰੀ ਦੀ ਪਰੇਡ ਮੌਕੇ ਤਿਰੰਗੇ ਅੱਗੋਂ ਲੰਘਦੇ ਨੂੰ ਮੈਨੂੰ ਇਉਂ ਲੱਗ ਰਿਹਾ ਸੀ ਕਿ ਜਿਵੇਂ ਇਹ ਟੈਂਕ, ਹਾਥੀ, ਊਠ, ਘੋੜੇ ਦੇਸ਼ ਦੀਆਂ ਲੱਖਾਂ ਸ਼ੀਲਾਵਾਂ ਨੂੰ ਪੈਰੀਂ ਲਿਤਾੜਦੇ ਲੰਘ ਰਹੇ ਹੋਣ। ਕਹਾਣੀ ਇੱਕ ਦਿਲ ਟੁਕੜੇ-ਟੁਕੜੇ ਦੋ ਭਾਈਚਾਰਿਆਂ ਅੰਦਰ ਗੂਹੜੀ ਸਾਂਝ ਅਤੇ ਸੰਤਾਲ਼ੀ ਦੇ ਸੰਤਾਪ ਦਾ ਅੱਖੀਂ ਦੇਖਿਆ ਦ੍ਰਿਸ਼ ਪੇਸ਼ ਕਰਦੀ ਹੈ।

ਦੂਜੀ ਪੁਸਤਕ ਜਿਊਣ ਜੋਗੇ ਇੱਕੀ ਕਹਾਣੀਆਂ ਦਾ ਸੰਗ੍ਰਹਿ ਹੈ , ਇਸ ਦੇ 125 ਸਫ਼ੇ ਹਨ। ਗੁਰਦਿਆਲ ਸਿੰਘ ਆਪਣੇ ਇੱਕ ਨਾਵਲ ਵਿਚ ਆਪਣੇ ਪਾਤਰਾਂ ਨੂੰ ਅਣਹੋਏ ਦੱਸਦਾ ਹੈ ਪਰ ਇੱਥੇ ਸਰਦੂਲ ਆਪਣੇ ਪਾਤਰਾਂ ਨੂੰ ਹਾਂ-ਪੱਖੀ ਨਜ਼ਰੀਏ ਰਾਹੀਂ ਜਿਊਣ ਜੋਗੇ ਮੰਨਦਾ ਹੈ। ਇਨ੍ਹਾਂ ਕਹਾਣੀਆਂ ਵਿੱਚੋਂ ਵੀ ਮਿੱਟੀ ਦੀ ਮਹਿਕ ਆਉਂਦੀ ਹੈ। ਪਿੰਡਾਂ ਦਾ ਸਮਾਜਿਕ ਤਾਣਾ-ਬਾਣਾ, ਨਿੱਤ ਵਾਪਰਦੀਆਂ ਘਟਨਾਵਾਂ, ਆ ਰਹੀ ਤਬਦੀਲੀ, ਪਰਵਾਸ, ਰਿਸ਼ਤੇ ਵਗੈਰਾ ਆਪਣੇ ਅਸਲੀ ਰੰਗ ਵਿਚ ਪੇਸ਼ ਹਨ। ਕਹਾਣੀ ਦੇਸ ਵਿਚਲਾ ਪਰਦੇਸ ਯੂ.ਪੀ., ਬਿਹਾਰ ਤੋਂ ਆਏ ਭਈਆ ਪਰਿਵਾਰ ਬਾਰੇ ਆਮ ਲੋਕਾਂ ਦੀ




ਹਮਦਰਦੀ ਪਰ ਉਨ੍ਹਾਂ ਨੂੰ ਕਿਸੇ ਹੱਦ ਤੱਕ ਭੇਦ-ਭਾਵ ਭਰੀ ਨਜ਼ਰ ਨਾਲ਼ ਸ਼ੱਕੀ ਅਤੇ ਮੁਜਰਮ ਕਰਾਰ ਦੇਣ ਦੇ ਵਰਤਾਰੇ ਨੂੰ ਸਾਮਰਤੱਖ ਕਰਦੀ ਹੈ। ਪੁਲੀਸ



ਸਰਦੂਲ ਸਿੰਘ ਲੱਖਾ

ਦਾ ਸਤਾਇਆ ਹੋਇਆ ਪਰਿਵਾਰ ਵਾਪਸ ਯੂ.ਪੀ. ਚਲਾ ਜਾਂਦਾ ਹੈ ਅਤੇ ਛੋਟੂ ਰਾਮ ਉਧਰੋਂ ਹੀ ਫ਼ੋਨ ਕਰ ਕੇ ਕਹਿੰਦਾ ਹੈ,ਅਪਨਾ ਦੇਸ ਅਪਨਾ ਹੀ ਹੋਤਾ ਹੈ। ਇਹ ਇੱਕ ਸਚਾਈ ਹੈ। ਗ਼ੁਰਬਤ ਦੀ ਮਾਰੀ ਔਰਤ ਬਾਰੇ ਨਿਹਾਲੋ ਕਹਿੰਦੀ ਹੈ, ਰੱਬ ਵੀ ਕੁੜੇ ਬੰਦਾ ਹੋਵੇ। ਇਹ ਧਾਰਮਿਕ ਵਿਸ਼ਵਾਸ ਤੇ ਕਰਾਰੀ ਚੋਟ ਹੈ। ਮੀਤਾ ਸਰਦਾਰ ਵਿਚ ਹਰੇ ਇਨਕਲਾਬ ਸਮੇਂ ਬਦਲਦੇ ਖੇਤੀ ਦੇ ਧੰਦੇ ਦੀ ਤਸਵੀਰ ਹੈ ਜਿੱਥੇ ਝੋਨਾ ਲਾਉਣ ਲਈ ਹਰ ਸਾਲ ਯੂ.ਪੀ. ਬਿਹਾਰ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਖੇਤ-ਮਜ਼ਦੂਰ ( ਭਈਏ ) ਪੰਜਾਬ ਆਉਂਦੇ ਹਨ। ਖੇਤੀ ਦੀਆਂ ਲਾਗਤਾਂ ਵਧਣ ਅਤੇ ਜਿਨਾਂ ਦੇ ਭਾਅ ਲਾਹੇਵੰਦ ਨਾ ਹੋਣ ਕਾਰਨ ਕਿਸਾਨ ਕਰਜ਼ੇ ਦੀ ਮਾਰ ਹੇਠ ਆ ਰਹੇ ਹਨ ਅਤੇ ਬਹੁਤ ਗਿਣਤੀ ਵਿਚ ਖ਼ੁਦਕੁਸ਼ੀਆਂ ਕਰ ਰਹੇ ਹਨ। ਕਹਾਣੀ ਪਟੜੀ ਪਟੜੀ ਪੈਨਸ਼ਨ ਆਏ ਫੌਜੀ ਦੀ ਪ੍ਰਤੀਨਿਧ ਕਹਾਣੀ ਹੈ। ਵਿਖਾਇਆ ਗਿਆ ਹੈ ਕਿਵੇਂ ਉਹ ਹੱਡ-ਭੰਨਵੀਂ ਮਿਹਨਤ ਕਰ ਕੇ ਗੁਜ਼ਾਰੇ ਜੋਗਾ ਹੁੰਦਾ ਹੈ, ਕਿਵੇਂ ਉਸ ਦੇ ਪਰਦੇਸ ਗਏ ਪੁੱਤ ਨੂੰ ਕਾਹਲ਼ੀ ਹੈ ਕਿ ਜ਼ਮੀਨ ਵੇਚ ਦੇਵੇ ਪਰ ਫੌਜੀ ਬਿੱਕਰ ਸਿਹੁੰ ਜੱਦੀ ਜ਼ਮੀਨ ਨਾ ਵੇਚਣ ਦਾ ਫੈਸਲਾ ਕਰ ਕੇ ਹੌਸਲੇ ਅਤੇ ਸ੍ਵੈਵਿਸ਼ਵਾਸ ਨਾਲ਼ ਰਹਿੰਦਾ ਹੈ। ਬਿੱਕਰ ਸਿੰਘ ਬਾਰੇ ਪਤੀ-ਪਤਨੀ ਦੇ ਆਦਰਸ਼ ਮੋਹ-ਪਿਆਰ ਅਤੇ ਤਿਆਗ ਦੀ ਭਾਵਨਾ ਦਾ ਪ੍ਰਗਟਾਵਾ ਹਰਮੇਲ ਕੌਰ ਮੁਕੰਦ ਸਿੰਘ ਕੋਲ਼ ਇਉਂ ਕਰਦੀ ਹੈ,ਮੈਨੂੰ ਇਹ ਚਾਹੀਦੇ ਹਨ, ਪੁੱਤ ਬਾਅਦ ਚ ਹੁੰਦਾ। ਕਹਾਣੀ ਮੋਹ ਦੀਆਂ ਗੰਢਾਂ ਵਿਚ ਸਮਾਜ ਅੰਦਰ ਕੁੜੀਆਂ ਪ੍ਰਤੀ ਨਜ਼ਰੀਆ, ਨਸ਼ੇ ਦੀ ਮਾਰ ਅਤੇ ਮੋਹ ਭਰੇ ਸ਼ਬਦਾਂ ਦੇ ਅਸਰ ਨੂੰ ਉਜਾਗਰ ਕੀਤਾ ਹੈ। ਕਰਮੇ ਦੀ ਵਹੁਟੀ ਦੋ ਕੁੜੀਆਂ ਜੰਮਣ ਬਾਰੇ ਲੋਕਾਂ ਦੇ ਨਜ਼ਰੀਏ ਨੂੰ ਨਕਾਰਦੀ ਹੋਈ ਕਹਿੰਦੀ ਹੈ, ਬੀਬੀ ਜੀ, ਇਹ ਆਪਣੀ ਨਾਲ਼ ਲੈ ਕੇ ਆਈਆਂ, ਆਪਾਂ ਵੀ ਕੁੜੀਆਂ ਈ ਆਂ ਕਿਸੇ ਦੀਆਂ। ਸੱਚੇ ਮੋਹ-ਪਿਆਰ ਦੀ ਤਾਕਤ ਬੜੇ ਮਨੋਵਿਗਿਆਨਕ ਢੰਗ ਨਾਲ਼ ਦਰਸਾਈ ਹੈ, ਮੈਂ ਉਸ ਦਾ ਹੱਥ ਫੜ ਕੇ ਉਹ ਕੁੱਝ ਕਿਹਾ ਜੋ ਬੰਦੇ ਦਾ ਨਵਾਂ ਜਨਮ ਕਰਾ ਦਿੰਦਾ। ਮੈਂ ਆਪਣੇ ਹੱਥਾਂ ਨਾਲ਼ ਬੋਲੀ, ਜੀਭ ਨਾਲ਼ ਨਹੀਂ। ਤੇ ਕਰਮੇ ਨੇ ਨਸ਼ੇ ਛੱਡ ਦਿੱਤੇ।

ਮੋਹ ਮਾਰੇ ਲੋਕ ਵਿਚ ਮਨੁੱਖੀ ਸੁਭਾਅ ਦਾ ਨਮੂਨਾ - ਇਕੱਲਾ ਤਾਂ ਪਸ਼ੂ ਵੀ ਓਦਰ ਜਾਂਦਾ। ਰੌਸ਼ਨਦਾਨ ਵਿਚ - ਮੈਨੂੰ ਕੀ ਹੋਣਾ ਸੀ ਜੇ ਜਿਉਂਦੀ ਰਹਿੰਦੀ ਰੱਬ ਦੀ ਬੰਦੀ। ਨਿੰਮ ਕੋਲ਼ੇ ਵਿਚ ਪਿੰਡਾਂ ਦਾ ਉਸ ਵੇਲ਼ੇ ਦਾ ਭਾਈਚਾਰਕ ਮਾਹੌਲ ਹੈ - ਕਿਵੇਂ ਤੀਆਂ ਲਗਦੀਆਂ, ਪੀਂਘਾਂ ਪੈਂਦੀਆਂ, ਗੌਣ ਲਗਦੇ, ਨਕਲੀਏ ਮਨ-ਪਰਚਾਵਾ ਕਰਦੇ। ਸੰਤਾਲ਼ੀ ਦੀ ਵੰਡ ਵੇਲ਼ੇ ਕਿਵੇਂ ਲੋਕਾਂ ਦਾ ਖ਼ੂਨ ਚਿੱਟਾ ਹੋਇਆ। ਵਹਿਸ਼ਤ ਅਤੇ ਹਮਦਰਦੀ ਦੋਵੇਂ ਤਰ੍ਹਾਂ ਦੇ ਕਿਰਦਾਰ ਵਿਖਾਏ ਗਏ ਹਨ। ਕਤੂਰਾ ਵਿਚ ਇਨਸਾਨ ਅਤੇ ਜਾਨਵਰ ਵਿਚਲੇ ਕੁਦਰਤੀ ਪਿਆਰ ਦੇ ਰਿਸ਼ਤੇ ਨੂੰ ਉਭਾਰਿਆ ਹੈ। ਤਕਨੀਕ ਪੱਖੋਂ ਕਹਾਣੀ ਦਾ ਸਿਖਰ ਅਤੇ ਅੰਤ ਕਮਾਲ ਦਾ ਹੈ। ਜਦੋਂ ਗੁਰਦੁਆਰੇ ਅਰਦਾਸ ਹੋ ਰਹੀ ਹੈ ਤਾਂ ਤੇਜਾ ਜ਼ਖ਼ਮੀ ਕਤੂਰੇ ਦੀ ਸਲਾਮਤੀ ਲਈ ਅਰਦਾਸ ਕਰ ਰਿਹਾ ਹੈ - ਦਾਤਿਆ, ਜਿਵੇਂ ਮੋੜਿਆ ਉਵੇਂ ਠੀਕ ਵੀ ਕਰਦੇ ਦਰਵੇਸ਼ ਨੂੰ। ਕਹਾਣੀ ਵੀਰ ਜੀ ਮਨੁੱਖ ਦੀਆਂ ਪਵਿੱਤਰ ਸਦੀਵੀ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਇੱਕ ਨਰਸ, ਜਿਸ ਦਾ ਭਰਾ ਐਕਸੀਡੈਂਟ ਸਮੇਂ ਸਦੀਵੀ ਵਿਛੋੜਾ ਦੇ ਗਿਆ ਸੀ, ਹਸਪਤਾਲ਼ ਵਿਚ ਦਾਖਲ ਐਕਸੀਡੈਂਟ ਦੇ ਮਰੀਜ਼ ਨਿਰਮਲ ਵਿਚ ਆਪਣੇ ਵੀਰ ਦਾ ਅਕਸ ਵੇਖਦੀ ਹੈ। ਇਸ ਕਿਰਦਾਰ ਅਤੇ ਭਾਵਨਾ ਨੂੰ ਬਹੁਤ ਹੀ ਜੁਗਤ ਅਤੇ ਬਾਰੀਕੀ ਨਾਲ਼ ਦਰਸਾਇਆ ਗਿਆ ਹੈ।

ਪੰਜਾਬ ਵਿਚ ਹਰਾ ਇਨਕਲਾਬ ਆਉਣ ਤੋਂ ਪਹਿਲਾਂ ਕੁਦਰਤੀ ਵਸੀਲਿਆਂ, ਦੇਸੀ ਢੰਗਾਂ ਅਤੇ ਸੰਦਾਂ ਨਾਲ਼ ਖੇਤੀ ਹੁੰਦੀ ਸੀ। ਉਦੋਂ ਊਠ ਤੇ ਬਲਦਾਂ ਤੋਂ ਵਾਹੀ-ਢੁਆਈ ਦਾ ਕੰਮ ਲਿਆ ਜਾਂਦਾ ਸੀ। ਇਸੇ ਸਮੇਂ ਦਾ ਬ੍ਰਿਤਾਂਤ ਹੈ ਕਹਾਣੀ ਮੀਨਾ ਵਿਚ। ਮੀਣੇ ਬਲਦ ਦੀ ਕਮਾਈ ਦੀ ਕਦਰ ਪਾਈ ਗਈ ਹੈ। ਉਦੋਂ ਹੁਣ ਵਾਂਗ ਵੱਡੀ ਉਮਰ ਦੇ ਬੈਲਾਂ ਨੂੰ ਅਣਗੌਲ਼ਿਆ ਨਹੀਂ ਸੀ ਜਾਂਦਾ ਸਗੋਂ ਗਊ ਦੇ ਜਾਇਆਂ ਦੀ ਪਹਿਲਾਂ ਵਾਂਗ ਹੀ ਸਾਂਭ-ਸੰਭਾਲ਼ ਕੀਤੀ ਜਾਂਦੀ ਸੀ। ਅਜਿਹੇ ਹੀ ਇੱਕ ਮੀਣੇ ਬਲਦ ਨੂੰ ਕਿਸਾਨੀ ਪਰਿਵਾਰ ਵਾਹੀ ਛੱਡਣ ਬਾਦ ਵੀ ਆਪਣੇ ਮੈਂਬਰ ਵਜੋਂ ਸਾਂਭਦਾ ਹੈ। ਜਦੋਂ ਉਸ ਦੀ ਮੌਤ ਹੁੰਦੀ ਹੈ ਤਾਂ ਘਰ ਦੇ ਦਰਵਾਜ਼ੇ ਅੰਦਰ ਟੋਆ ਪੁੱਟ ਕੇ ਦਫ਼ਨਾਇਆ ਜਾਂਦਾ ਹੈ। ਇੱਥੋਂ ਤੱਕ ਕਿ ਵਿਦੇਸ਼ੀਂ ਵਸਦਾ ਪੁੱਤਰ ਇਸ ਘਰ ਦੀ ਥਾਂ ਤੇ ਸ਼ਾਨਦਾਰ ਕੋਠੀ ਪਾਉਂਦਾ ਹੈ ਜਿਸ ਦੀ ਛੱਤ ਉੱਤੇ ਮੀਣੇ ਬਲਦ ਦਾ ਵੱਡ-ਆਕਾਰੀ ਬੁੱਤ ਸਜਾਇਆ ਜਾਂਦਾ ਹੈ। ਕਹਾਣੀ ਦਾ ਵਿਸ਼ਾ, ਵਸਤੂ, ਉਸਾਰੀ, ਸਿਖਰ ਅਤੇ ਅੰਤ ਸ਼ਲਾਘਾਯੋਗ ਹੈ । ਮਨੁੱਖ ਅਤੇ ਜਾਨਵਰ ਦੇ ਰਿਸ਼ਤੇ ਅਤੇ ਕਿਰਤ ਦੀ ਕਦਰ ਨੂੰ ਕੁਦਰਤੀ ਸਿਰਜਣਾ ਦੀ ਇਕਮਿਕਤਾ ਨਾਲ਼ ਜੋੜਿਆ ਗਿਆ ਹੈ। ਪਿੰਡਾਂ ਵਿਚ ਪਾਰੰਪ੍ਰਿਕ ਆਪਸੀ ਸਾਂਝ, ਪੇਕਿਆਂ ਦਾ ਹੇਰਵਾ, ਜੱਟ-ਸੀਰੀ ਦਾ ਭਰਾਵਾਂ ਵਰਗਾ ਰਿਸ਼ਤਾ, ਇਹ ਸਭ ਭੁਲਦੇ ਨਹੀਂ ਪੇਕੇ ਵਿਚ ਬੜੀ ਜੁਗਤ ਨਾਲ਼ ਉਜਾਗਰ ਕੀਤਾ ਗਿਆ ਹੈ। ਕਹਾਣੀ ਲੰਗੋਟੀਏ ਯਾਰ ਕਰੋਨਾ ਮਹਾਂਮਾਰੀ (2019-20) ਦੇ ਦਿਨਾਂ ਦੀ ਯਾਦ ਤਾਜ਼ਾ ਕਰਾਉਂਦੀ ਹੈ। ਕਿਵੇਂ ਲਾਕ-ਡਾਊਨ ਹੋਣ ਕਰ ਕੇ ਜਨ-ਜੀਵਨ ਉਲਟ-ਪੁਲਟ ਹੋ ਗਿਆ ਸੀ, ਕਿਵੇਂ ਉਪਰੋਥਲੀ ਮੌਤਾਂ ਹੋ ਰਹੀਆਂ ਸਨ, ਕਿਵੇਂ ਸਕੇ ਸੰਬੰਧੀ ਵੀ ਸਸਕਾਰ ਕਰਨ ਜਾਣ ਤੋਂ ਇਨਕਾਰੀ ਹੋ ਗਏ ਸਨ। ਅਜਿਹੇ ਸਮੇਂ ਗੇਬੇ ਦੀ ਮੌਤ ਮਗਰੋਂ ਉਸ ਦੇ ਸਸਕਾਰ ਲਈ ਉਸ ਦਾ ਪੁੱਤ ਨਹੀਂ ਜਾਂਦਾ ਪਰ ਉਸ ਦਾ ਲੰਗੋਟੀਆ ਯਾਰ ਮਿੰਦਾ ਜਾਂਦਾ ਹੈ। ਕਿਵੇਂ ਆਫ਼ਤਾਂ ਮਨੁੱਖੀ ਕਿਰਦਾਰ ਅਤੇ ਰਿਸ਼ਤਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਖੋਲ਼ੇ ਨਾਂ ਦੀ ਕਹਾਣੀ ਪਿੰਡਾਂ ਦੀ ਨੁਹਾਰ ਵਿਚ ਆਈ ਭਾਰੀ ਤਬਦੀਲੀ ਦੀ ਸੂਚਕ ਹੈ। ਹਰਾ ਇਨਕਲਾਬ ਆਉਣ ਨਾਲ਼, ਸੰਘਣੀ ਖੇਤੀ ਕਰਨ ਨਾਲ਼, ਨਵੇਂ ਸਾਧਨ ਜੁਟਾਉਣ ਨਾਲ਼ ਘਰ ਪੱਕੇ ਹੋ ਗਏ, ਭਰਤ ਪਾ ਕੇ ਸਰਦੇ-ਬਰਦੇ ਲੋਕਾਂ ਦੇ ਵਿਹੜੇ ਉੱਚੇ ਹੋ ਗਏ, ਗਲ਼ੀਆਂ ਉੱਚੀਆਂ ਹੋ ਗਈਆਂ। ਮਸ਼ੀਨੀਕਰਨ ਨੇ ਦਸਤਕਾਰੀ ਨੂੰ ਤਕੜੀ ਢਾਹ ਲਾਈ। ਜਮੀਤਾ ਜੁਲਾਹਾ ਵਿਹਲਾ ਹੋ ਗਿਆ। ਉਸ ਦਾ ਕੱਚਾ ਘਰ ਨੀਵਾਂ ਹੋ ਗਿਆ। ਸ਼ਹਿਰ ਵਿਚ ਰਹਿੰਦੀ ਧੀ ਪਿੰਡ ਛੱਡਣ ਦੀ ਸਲਾਹ ਦਿਦੀ ਹੈ ਜੋ ਜਮੀਤੇ ਲਈ ਅਸਹਿ ਹੈ। ਕਹਾਣੀ ਦਾ ਅੰਤ ਦੁਖਾਂਤਮਈ ਹੈ ਪਰ ਚਿਤਰਿਆ ਦ੍ਰਿਸ਼ ਬੜਾ ਤਕੜਾ ਪ੍ਰਭਾਵ ਛਡਦਾ ਹੈ - ਜਮੀਤੇ ਦਾ ਇੱਕ ਹੱਥ ਹਿੱਕ ਉੱਤੇ ਸੀ ਤੇ ਦੂਜਾ ਘਰ ਦੀ ਦੇਹਲ਼ੀ ਤੇ।

ਇਹ ਕਹਾਣੀਆਂ ਧਰਾਤਲ ਨਾਲ਼ ਜੁੜੀਆਂ ਹੋਈਆਂ ਹਨ, ਪੇਂਡੂ ਜੀਵਨ ਦੀ ਸਹੀ ਤਰਜਮਾਨੀ ਕਰਦੀਆਂ ਹਨ ਅਤੇ ਆਪਣੇ ਸਮੇਂ ਦਾ ਇਤਿਹਾਸ ਹਨ। ਪਾਤਰ ਅਣਹੋਏ ਵਰਗੇ ਹੁੰਦਿਆਂ ਵੀ ਜਿਊਣ ਜੋਗੇ ਹਨ। ਭਾਸ਼ਾ ਨਿਰੋਲ ਪੇਂਡੂ ਹੈ। ਜ਼ਮੀਨੀ ਪੱਧਰ ਦੀ ਬੋਲੀ ਅਨੇਕਾਂ ਸ਼ਬਦਾਂ ਅਤੇ ਮੁਹਾਵਰਿਆਂ ਨਾਲ਼ ਕਥਾ ਨੂੰ ਰੌਚਿਕ ਬਣਾਉਂਦੀ ਹੈ ਮਿਸਾਲ ਵਜੋਂ - ਬਿੜਕ ਲੈਣੀ, ਭਰਿੰਡਾਂ ਦੀ ਖੱਖਰ, ਦੱਦ ਲਾਉਣਾ, ਡੱਕਾ ਦੂਹਰਾ ਨਾ ਕਰਨਾ, ਵਾਹਣੀਂ ਪਾਈ ਫਿਰਨਾ, ਤੜਾਗੀਆਂ ਆਲ਼ੇ, ਲਾਂਗਾ, ਬੱਕਰੀਆਂ ਛਿਛਕੇਰਤੀਆਂ, ਬੁਸ਼ਕਰਨਾ, ਬੁਖਾਰ ਦਾ ਭਮਾਰਾ, ਮੀਣਾ, ਨਾਰਾ ਆਦਿ। ਨਾ ਪਾਤਰ ਬਨਾਉਟੀ ਲਗਦੇ ਹਨ ਨਾ ਮਾਹੌਲ ਨਾ ਘਟਨਾਵਾਂ ਤੇ ਨਾ ਬੋਲ-ਚਾਲ। ਕਹਾਣੀਆਂ ਦੀ ਤੋਰ ਸਹਿਜ ਅਤੇ ਆਪ-ਮੁਹਾਰੀ ਹੈ। ਕਿਤੇ ਵੀ ਪਾਠਕ ਨੂੰ ਅਕੇਵਾਂ ਨਹੀਂ ਲਗਦਾ।ਕਹਿਣਾ ਉਚਿਤ ਹੈ ਕਿ ਇਹ ਦੋਵੇਂ ਪੁਸਤਕਾਂ ਲੇਖਕ ਨੂੰ ਸਫਲ ਕਹਾਣੀਕਾਰ ਵਜੋਂ ਸਥਾਪਿਤ ਕਰਦੀਆਂ ਹਨ ਅਤੇ ਉਸ ਤੋਂ ਹੋਰ ਵੀ ਮਿਆਰੀ ਕਹਾਣੀਆਂ ਦੀ ਸਿਰਜਣਾ ਦੀ ਉਮੀਦ ਬੰਨ੍ਹਾਉਂਦੀਆਂ ਹਨ।

## ਕੈਨੇਡੀਅਨ ਸੱਥ

# ਦੇਖੋ ਹੁਣ, ਨਵੀਂ ਬਣੀ ਸਰਕਾਰ ਕੈਨੇਡਾ ਪੋਸਟ ਦੀ ਹੜਤਾਲ ਨਾਲ ਕਿਵੇ ਨਜਿੱਠਦੀ ਹੈ



ਅਸ਼ੀਸ਼ ਨਰੂਲਾ
1 204 890 5040

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਦੀ ਸ਼ੁਰੂਆਤ ਮਿਡਲ ਕਲਾਸ ਵਰਗ ਦੇ ਟੈਕਸ ਕਟੌਤੀ ਨੂੰ ਤੇਜ ਕਰਨ ਦੇ ਆਦੇਸ਼ ਤੇ ਦਸਤਖਤ ਕਰਕੇ ਕੀਤੀ , ਸ਼ੁਰੂਆਤੀ ਦੌਰ ਵਿੱਚ ਲੱਗਦਾ ਹੈ ਪ੍ਰਧਾਨ ਮੰਤਰੀ ਹੁਰੀ ਚੋਣ ਵਾਅਦੇ ਪੂਰੇ ਕਰਨ ਦੀ ਵਾਹ ਲਾਉਣਗੇ,ਪਰ ਪੱਛਮੀ ਦਬਾਅ ਅਤੇ ਪੱਤਝੜ ਤੱਕ ਕੋਈ ਬਜਟ ਸੈਸ਼ਨ ਨਾ ਹੋਣ ਕਾਰਨ, ਉਹਨਾਂ ਦੀ ਘੱਟ ਗਿਣਤੀ ਸਰਕਾਰ ਪਹਿਲਾਂ ਹੀ ਦਬਾਅ ਹੇਠ ਚੱਲ ਰਹੀ ਹੈ, ਉਧਰ ਕਿਉਬੈਕ ਵਿੱਚ ਲਿਬਰਲ ਪਾਰਟੀ ਨੇ ਜੂਡੀਸ਼ੀਅਲ ਦੁਬਾਰਾ ਗਿਣਤੀ ( ਜੋ ਕਿ ਇੱਕ ਜੱਜ ਦੀ ਦੇਖ ਰੇਖ ਹੁੰਦੀ ਹੈ) ਵਿੱਚ ਇੱਕ ਸੀਟ ਤੇ ਹੋਰ ਕਬਜਾ ਕਰ ਲਿਆ ਹੈ, ਇਹ ਸੀਟ ਸਿਰਫ ਇੱਕ ਵੋਟ ਨਾਲ ਜਿੱਤੀ ਹੈ। ਜਿੱਤ ਭਾਂਵੇ ਇੱਕ ਵੋਟ ਨਾਲ ਹੋਵੇ ਹੈ ਤਾਂ ਜਿੱਤ ਹੀ। ਇਸ ਦੇ ਨਾਲ ਹੀ ਲਿਬਰਲ ਪਾਰਟੀ ਪੂਰਨ ਬਹੁਮਤ ਤੋਂ ਸਿਰਫ ਦੋ ਸੀਟਾਂ ਪਿੱਛੇ ਹੈ। ਕਾਰਨੀ ਹੁਰਾਂ ਦੀ ਕੈਬਨਿਟ ਵਿੱਚ ਟਰੂਡੋ ਵਜ਼ਾਰਤ ਦੇ ਕਈ ਪੁਰਾਣੇ ਚਿਹਰੇ ਵੀ ਹਨ ਅਤੇ ਕਾਫੀ ਨਵੇਂ ਚਿਹਰੇ ਸ਼ਾਮਿਲ ਕੀਤੇ ਹਨ। ਜਿਵੇਂ ਕਿ ਪਿਛਲੇ ਅੰਕ ਵਿੱਚ ਕਿਆਸਰਾਈਆਂ ਲਗਾਈਆਂ ਸਨ ਕਿ ਪਾਲੀਵਰ ਹੁਰਾਂ ਨੂੰ ਸੀਟ ਕਿਸੇ ਨਾ ਕਿਸੇ ਦੀ ਬਲੀ ਦੇ ਕੇ ਅੱਗੇ ਲਿਆਂਦਾ ਜਾਵੇਗਾ । ਕੰਜਰਵੇਟਿਵਾਂ ਨੂੰ ਅੱਜ ਇਸ ਬਾਰੇ ਹੋਰ ਪਤਾ ਹੈ ਕਿ ਉਹਨਾ ਦਾ ਨੇਤਾ ਹਾਊਸ ਆਫ ਕਾਮਨਸ ਵਿੱਚ ਕਦੋਂ ਵਾਪਿਸ ਆ ਸਕਦਾ ਹੈ, ਹੁਣ ਜਦੋ ਡੈਮੀਅਨ ਕੁਰੈਕ ਨੂੰ ਅਧਿਕਾਰਤ ਤੌਰ ਤੇ ਬੈਟਲ ਰਿਵਰ-ਕਰੋਅਫੁੱਟ ਲਈ ਸੰਸਦ ਮੈਬਰ ਘੋਸ਼ਿਤ ਕੀਤਾ ਗਿਆ ਹੈ। ਕੁਰੇਕ ਜਿਸ ਨੇ 80% ਤੋਂ ਵੱਧ ਵੋਟਾਂ ਨਾਲ ਪੇਂਡੂ ਅਲਬਰਟਾ ਰਾਈਡਿੰਗ ਵਿੱਚ ਚੋਣ ਜਿਤੀ ਸੀ, ਨੇ ਆਪਣੇ ਨੇਤਾ ਪੀਅਰ ਪਾਲੀਵਰ ਨੂੰ ਸੀਟ ਛੱਡਣ ਦਾ ਫੈਸਲਾ ਕੀਤਾ ਹੈ ਅਤੇ ਕਿਹਾ ਹੈ ਕਿ ਪਾਲੀਵਰ ਹੀ ਇਸ ਜਾਬ ਲਈ ਵਧੇਰੇ ਢੁੱਕਵਾਂ ਨੇਤਾ ਹੈ। ਇਸ ਸੀਟ ਦਾ ਫੈਸਲਾ ਲੰਘੇ ਚੋਣ ਨਤੀਜਿਆਂ ਦੀ ਸਮੀਖਿਆ ਕਰ ਕੇ ਇੱਕ ਸੇਫ ਸੀਟ ਵੱਜੋ ਦੇਖਦੇ ਹੋਏ ਹੀ ਪਾਰਟੀ ਵੱਲੋਂ ਫੈਸਲਾ ਕੀਤਾ ਗਿਆ ਹੈ। ਹੁਣ ਆਉਣ ਵਾਲੇ ਸਮੇ ਵਿੱਚ ਕੁਰੇਕ ਦੀ ਇੱਸ ਕੁਰਬਾਨੀ ਨੂੰ ਪਾਰਟੀ ਕਿਵੇਂ ਦੇਖਦੀ ਹੈ ਇਹ ਆਉਣ ਵਾਲੇ ਸਮੇਂ ਵਿੱਚ ਪਤਾ ਚੱਲੇਗਾ । ਪਾਲੀਵਰ ਹੁਰੀ ਲੰਘੇ ਸਮੇਂ ਵਿੱਚ ਚੋਣਾਂ ਦਰਮਿਆਨ ਅਲਬਰਟਾ ਰਾਈਡਿੰਗ ਦਾ ਦੌਰਾ ਕਰ ਚੁੱਕੇ ਨੇ ਜਿਸਦੀ ਓਹ ਪ੍ਰਤੀਨਿਧਤਾ ਕਰਨ ਦੀ ਉਮੀਦ ਕਰਦੇ ਹਨ। ਲੰਘੇ ਸ਼ੁੱਕਰਵਾਰ ਨੂੰ ਬੈਟਲ ਰਿਵਰ ਕਰੋਫੁੱਟ ਦੇ ਸੰਸਦ ਮੈਂਬਰ ਡੈਮੀਅਨ ਕੁਰੇਕ ਨੇ ਐਲਾਨ ਕੀਤਾ ਹੈ। ਪਰ ਪਾਲੀਵਰ ਹੁਰਾਂ ਨੂੰ ਘੱਟੋ ਘੱਟ 30 ਦਿਨ ਦੀ ਉਡੀਕ ਕਰਨੀ ਪਵੇਗੀ ਅਤੇ ਸੰਭਾਵਨਾ ਹੈ ਕਿ ਸ਼ਾਇਦ 30 ਦਿਨਾਂ ਤੋਂ ਜਿਆਦਾ ਵੀ।ਇਸ ਦਾ ਇੱਕ ਕਾਰਨ ਇੱਹ ਵੀ ਹੈ ਕਿ ਰਾਈਡਿੰਗ ਦੇ ਨਤੀਜੇ ਕੈਨੇਡਾ ਗਜ਼ਟ ਵਿੱਚ ਪ੍ਰਕਾਸ਼ਿਤ ਹੋਣ ਤੋਂ ਬਾਅਦ ਹੀ ਅਧਿਕਾਰਤ ਮੰਨੇ ਜਾਂਦੇ ਹਨ । ਹੁਣ ਕਾਰਨੀ ਹੁਰੀ ਕਦੋਂ ਜਿਮਨੀ ਚੋਣ ਦਾ ਐਲਾਨ ਕਰਦੇ ਹਨ ਇਹ ਆਉਦੇ ਦਿਨਾਂ ਵਿੱਚ ਪਤਾ ਲੱਗੇਗਾ। ਉਟਾਵਾ ਖੇਤਰ ਦੇ ਕਾਰਲਟਨ ਰਾਈਡਿੰਗ ਦੇ ਵੋਟਰਾਂ ਨੇ ਜਿੱਥੇ ਪਾਲੀਵਰ 2004 ਤੋਂ ਲਗਾਤਾਰ ਸੱਤ ਵਾਰ ਚੁਣੇ ਗਏ ਸਨ,ਉੱਥੇ 28 ਅਪ੍ਰੈਲ ਦੀਆਂ ਚੋਣਾਂ ਵਿੱਚ ਇੱਕ ਲਿਬਰਲ ਸੰਸਦ ਮੈਂਬਰ ਨੂੰ ਚੁਣਿਆ ਹੈ। ਹਾਓਸ ਆਫ ਕਾਮਨਜ ਵਿੱਚ ਸੀਟ ਤੋਂ ਬਿਨਾ ਪਾਲੀਵਰ ਹੋਰੀਂ ਪ੍ਰਸ਼ਨ ਕਾਲ ਵਿੱਚ ਵਿਰੋਧੀ ਧਿਰ ਦੇ ਨੇਤਾ ਵੱਜੋਂ ਕੰਮ ਨਹੀ ਕਰ ਸਕਦੇ ਅਤੇ ਨਾ ਹੀ ਕਿਸੇ ਬਹਿਸ ਵਿੱਚ ਵੀ ਹਿੱਸਾ ਨਹੀਂ ਲੈ ਸਕਦੇ। ਕੰਜ਼ਰਵੇਟਿਵ ਕਾਕਸ ਨੇ ਸਾਬਕਾ ਪਾਰਟੀ ਨੇਤਾ ਐਂਡਰਿਓ ਸ਼ੀਅਰ ਨੂੰ ਅਸਥਾਈ ਤੌਰ ਤੇ ਹਾਉਸ ਆਫ ਕਾਮਨਸ ਵਿੱਚ ਵਿਰੋਧੀ ਧਿਰ ਦੀ ਅਗਵਾਈ ਕਰਨ ਲਈ ਚੁਣਿਆ ਹੈ। ਅਗਲੀ ਸੰਸਦ 26 ਮਈ ਨੂੰ ਨਵੇਂ ਸਪੀਕਰ ਦੀ ਚੋਣ ਸ਼ੁਰੂ ਹੋਣ ਵਾਲੀ ਹੈ। ਕਿੰਗ ਚਾਰਲਸ 27 ਮਈ ਨੂੰ ਕਾਰਨੀ ਸਰਕਾਰ ਦਾ ਤਖਤ ਭਾਸ਼ਣ ਪੜਨ ਲਈ ਤਿਆਰ ਹਨ। ਨਵੀਂ ਬਣੀ ਸਰਕਾਰ ਸੰਭਾਵਤ ਲੇਬਰ ਡਿਸਟਰਪਸ਼ਨ ਭਾਵ ਕਿ ਕੈਨੇਡਾ ਪੋਸਟ ਦੀ ਹੜਤਾਲ ਨਾਲ ਕਿਵੇਂ ਨਜਿੱਠਦੀ ਹੈ। ਦਸੰਬਰ 2024 ਵਿੱਚ ਧਾਰਾ 107 ਦੀ ਵਰਤੋਂ ਕਰਕੇ ਸਰਕਾਰ ਨੇ ਕਾਮਿਆਂ ਨੂੰ ਹੜਤਾਲ ਖਤਮ ਕਰ ਕੇ ਕੰਮ ਤੇ ਪਰਤਣ ਲਈ ਇੰਡਸ੍ਰੀਅਲ ਰਿਲੇਸ਼ਨ ਬੋਰਡ ਦੀ ਸਹਾਇਤਾ ਲਈ ਸੀ ,ਹਣ ਵੀ ਦੋਵਾਂ ਪਾਰਟੀਆਂ ਥੋੜੇ ਸਮੇ ਦੀ ਖੜੋਤ ਤੋਂ ਬਾਅਦ ਟੇਬਲ ਤੇ ਹਨ ਪਰ ਗੱਲ ਅਜੇ ਕਿਸੇ ਤਣ ਪੱਤਣ ਨਹੀਂ ਲੱਗੀ। ਪਰ ਹਾਲਤ ਕੁੱਝ ਚੰਗੇ ਨਹੀਂ ਹਨ। ਅਲਬਰਟਾ ਸੂਬੇ ਦੇ ਕਾਮਿਆਂ ਨੇ (ਅਲਬਰਟਾ ਯੂਨੀਅਨ ਆਪ ਪਰੋਵਿਨਸ਼ੀਅਲ ਇੰਮਪਲਾਈਜ) ਪਿਛਲੇ ਮਹੀਨੇ ਲੇਬਰ ਗੱਲਬਾਤ ਰੁਕਣ ਤੋਂ ਬਾਅਦ ਸਰਕਾਰ ਦੁਆਰਾ ਨਿਯੁਕਤ ਹਜ਼ਾਰਾਂ ਕਾਮਿਆਂ ਨੇ ਹੜਤਾਲ ਦੇ ਹੱਕ ਵਿੱਚ ਵੋਟ ਦਿੱਤੀ ਹੈ । ਇੱਕ ਬਿਆਨ ਵਿੱਚ ਯੂਨੀਅਨ ਜੋ ਕਿ 24000 ਤੋਂ ਵੱਧ ਕਰਮਚਾਰੀਆਂ ਦੀ ਨੁੰਮਾਇੰਦਗੀ ਕਰਦੀ ਹੈ ਨੇ ਕਿਹਾ ਹੈ ਕਿ 90% ਮੈਂਬਰਾਂ ਨੇ ਹੜਤਾਲ ਦੇ ਹੱਕ ਵਿੱਚ ਵੋਟ ਕੀਤੀ ਹੈ। ਕੈਲਗਰੀ ਸ਼ਹਿਰ ਦੇ ਇੱਕ ਕੌਂਸਲਰ, ਸ਼ਹਿਰ ਦੇ ਆਲੇ ਦੁਆਲੇ ਕੰਮ ਕਰਨ ਵਾਲੇ ਰਾਈਡ ਸ਼ੇਅਰਿੰਗ ਡਰਾਈਵਰਾਂ ਦੀ ਗਿਣਤੀ ਤੇ ਇੱਕ ਸੀਮਾ ਦੀ ਮੰਗ ਕਰ ਰਹੇ ਹਨ ਕਿ ਇਸ ਤੇ ਕੈਪ ਲਗਾਇਆ ਜਾਵੇ ਕਿਉਂਕਿ ਊਬਰ ਡਰਾਈਵਰਾਂ ਦੀ ਗਿਣਤੀ ਵਧਣ ਕਾਰਨ ਕੰਮ ਦੀ ਘਾਟ ਦੇਖਣ ਵਿੱਚ ਆ ਰਹੀ ਹੈ। ਵਾਰਡ ਨੰਬਰ 5 ਤੋ ਕੌਂਸਲਰ ਰਾਜ ਧਾਲੀਵਾਲ ਨੇ ਸ਼ਹਿਰ ਦੀ ਕਾਰਜ਼ਕਾਰੀ ਕਮੇਟੀ ਨੂੰ ਇੱਕ ਨੋਟਿਸ ਆਫ ਮੋਸ਼ਨ ਲਿਆਂਦਾ ਜਿਸ ਵਿੱਚ ਪ੍ਰਸ਼ਾਸਨ ਨੂੰ ਰਾਈਡ ਸ਼ੇਅਰ ਡਰਾਈਵਰਾਂ ਤੇ ਇੱਕ ਸੰਭਾਵੀ ਸਥਿਰ ਜਾਂ ਆਬਾਦੀ ਆਧਾਰਤ ਸੀਮਾ ਦਾ ਵਿਸ਼ਲੇਸ਼ਣ ਕਰਨ ਦੀ ਮੰਗ ਕੀਤੀ ਗਈ ਹੈ।ਜਦੋਂ ਕਿ ਸ਼ਹਿਰ ਦੀ ਵਹੀਕਲ ਫਾਰ ਹਾਇਰ ਉਪ ਨਿਯਮ ਟੈਕਸੀ ਲਾਇਸੰਸ ਤੇ ਇੱਕ ਨਿਸ਼ਚਿਤ ਸੀਮਾ ਬਣਾਈ ਰੱਖਦਾ ਹੈ। ਕੈਲਗਰੀ ਵਿੱਚ ਉਬਰ ਅਤੇ ਲਿਫਟ ਵਰਗੀਆ ਰਾਈਡ ਹੇਲਿੰਗ ਕੰਪਨੀਆਂ ਤੇ ਇੱਕ ਸਮਾਨ ਸੀਮਾਂ ਨਹੀਂ ਹੈ। ਧਾਲੀਵਾਲ ਦੇ ਨੋਟਿਸ ਆਫ ਮੋਸ਼ਨ ਵਿੱਚ ਕਿਹਾ ਹੈ ਕਿ ਸ਼ਹਿਰ ਦੇ ਰਿਕਾਰਡ ਦੱਸਦੇ ਹਨ ਕਿ ਪਿਛਲੇ ਸਾਲ ਵਿੱਚ 16581 ਤੋਂ ਵੱਧ ਡਰਾਈਵਰ ਰਾਈਡ ਹੇਲਿੰਗ ਵਿੱਚ ਸਰਗਰਮ ਹਨ,ਧਾਲੀਵਾਲ ਨੇ ਕਿਹਾ ਕਿ ਉਹਨਾਂ ਨੇ ਚਾਰ ਸਾਲ ਪਹਿਲਾ ਕੌਂਸਲ ਲਈ ਚੁਣੇ ਜਾਣ ਤੋਂ ਬਾਅਦ ਟੈਕਸੀ ਇੰਡਸਰੀ ਦੇ ਭਵਿੱਖ ਬਾਰੇ ਚਿੰਤਾਵਾਂ ਸੁਣੀਆ ਹਨ ਅਤੇ ਕਿਹਾ ਹੈ ਕਿ ਡਰਾਈਵਰ ਵੱਧ ਹੋਣ ਕਾਰਨ ਆਮਦਨੀ ਤੇ ਵੀ ਅਸਰ ਪਿਆ ਹੈ। ਕਈ ਡਰਾਈਵਰਾਂ ਨੇ ਦੱਸਿਆ ਹੈ ਕਿ ਅੱਜ ਕੱਲ ਉਹਨਾਂ ਦਾ ਗੁਜਾਂਰਾ ਕਰਨਾ ਵੀ ਮੁਸ਼ਕਿਲ ਹੋ ਗਿਆ ਹੈ। ਇੱਕ ਈਮੇਲ ਬਿਆਨ ਵਿੱਚ ਉਬਰ ਦੇ ਬੁਲਾਰੇ ਨੇ ਦਲੀਲ ਦਿੱਤੀ ਕਿ ਇੱਕ ਸੀਮਾ ਇਸਦੇ ਕਰਮਚਾਰੀਆ ਲਈ ਪੈਸਾ ਕਮਾਓਣਾ ਅਤੇ ਕੈਲਗਰੀ ਵਾਸੀਆ ਲਈ ਕਿਫਾਇਤੀ ਅਤੇ ਭਰੋਸੇਯੋਗ ਢੰਗ ਨਾਲ ਘੁੰਮਣਾ ਮੁਸ਼ਕਿਲ ਬਣਾ ਦੇਵੇਗੀ। ਇਹਨਾਂ ਵੱਡੇ ਮਗਰਮੱਛਾਂ ਨੂੰ ਇਸ ਗੱਲ ਨਾਲ ਕੀ ਫਰਕ ਪੈਂਦਾ ਹੈ ਕਿ 12 ਘੰਟੇ ਗੱਡੀ ਭੰਨਣ ਵਾਲੇ ਨੂੰ ਢੰਗ ਨਾਲ ਪੈਸੇ ਬਣਦੇ ਹੋਣ ਜਾਂ ਨਹੀਂ ਸਰਵਿਸ ਵਿੱਚ ਕੋਈ ਫਰਕ ਨਹੀਂ ਪੈਣਾ ਚਾਹੀਦਾ ।ਬਾਕੀ ਤੁਹਾਡਾ ਸਾਰਿਆ ਦਾ ਰੱਬ ਰਾਖਾ ਆਬਾਦ ਰਹੋ ਸੁਰੱਖਿਅਤ ਰਹੋ।

Bains Vision Centre
ਅੱਖਾਂ ਦੇ ਮਸ਼ਹੂਰ ਡਾਕਟਰ ਜਸਵਿੰਦਰ ਸਿੰਘ ਬੈਂਸ ਹੁਣ
ਨਾਰਥ ਈਸਟ ਕੈਲਗਰੀ ਵਿੱਚ ਆ ਗਏ ਹਨ।
ਹਰ ਕਿਸਮ ਦੀਆਂ ਬਰੈਂਡ ਐਨਕਾਂ ਵੀ ਮਿਲਦੀਆਂ ਹਨ



Dr.Jaswinder S Bains
Ph.D., OD.
Tel: 403-274-4514
Fax: 403-274-4680
5218 Falsbridge Dr NE Calgary AB T3J 3G1

Advice from someone you trust.
Sun Life
Life's brighter under the sun
Life & Health Insurance • Critical Illness Insurance • Disability Insurance
Employee Benefits • RESP • TFSA • RRSP • Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies. © Sun Life Assurance Company of Canada, 2023.

## ਪੱਛਮੀ ਆਸਟ੍ਰੇਲੀਆ ਵਿੱਚ ਮੈਂਬਰ ਪਾਰਲੀਮੈਂਟ ਵੱਜੋਂ ਸੌਂਹ ਚੁੱਕਣ ਉੱਤੇ ਵਿਸ਼ੇਸ਼

# ਕੌਣ ਹਨ ਆਸਟ੍ਰੇਲੀਆ 'ਚ ਇਤਿਹਾਸ ਰਚਣ ਵਾਲੇ ਡਾ. ਪਰਵਿੰਦਰ ਕੌਰ ?



ਮਿੰਟੂ ਬਰਾੜ
mintubrar@gmail.com
+61 434 289 905

ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿੱਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ ਸਿੰਘ ਮੈਂਬਰ ਪਾਰਲੀਮੈਂਟ ਬਣੇ ਸਨ। ਤੇ ਹੁਣ ਡਾ ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ 'ਚ ਪਹਿਲੇ 'ਕੌਰ' ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆਓ ਤੁਹਾਨੂੰ ਮਿਲਾਈਏ ਪੰਜਾਬ ਦੇ ਇੱਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤੱਕ ਦਾ ਸਫ਼ਰ ਤਹਿ ਕਰਨ ਵਾਲੀ ਮਾਣਮੱਤੀ ਡਾ ਪਰਵਿੰਦਰ ਕੌਰ ਨਾਲ।

ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ ਚ ਅਸੀਂ ਪਰਥ ਵਿੱਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹੱਸੂ-ਹੱਸੂ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿਚੋਂ ਦੀ ਅੱਗੇ ਹੁੰਦੀਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, ਮਿੰਟੂ ਭਾਜੀ ਕਾਫ਼ੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।÷ ਮੇਰੇ ਧੰਨਵਾਦ ਕਹਿਣ ਤੇ ਉਹਨਾਂ ਅੱਗੇ ਗੱਲ ਤੋਰਦਿਆਂ ਦੱਸਿਆ ਕਿ ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।ਪਹਿਲੀ ਸੱਟੇ ਮੈਂ ਅਸਲੀ ਪਰਵਿੰਦਰ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਉਹਨਾਂ ਸਾਨੂੰ ਦੂਜੇ ਦਿਨ ਆਪਣੇ ਦਫ਼ਤਰ ਆਉਣ ਦਾ ਸੱਦਾ ਦੇ ਦਿੱਤਾ। ਇਸ ਦੌਰਾਨ ਮੈਨੂੰ ਏਧਰੋਂ ਉਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਹਨਾਂ ਕੋਲ ਪੁੱਜੇ ਤਾਂ ਚਿੱਟੇ ਕੋਟ ਚ ਆਪਣੀ ਲੈਬ ਚ ਮਸਰੂਫ਼ ਡਾ ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ।

ਨਵੇਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤ ਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਭਾਰਤੀ ਫ਼ੌਜ ਵਿੱਚ ਸੇਵਾ ਨਿਵਿਰਤ ਸਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਕੁੱਲ ਦੋ ਭੈਣ ਭਰਾ ਹਨ। ਉਹਨਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫ਼ੌਜੀ ਸਕੂਲਾਂ ਚ ਹੋਈ। ਜਿਨ੍ਹਾਂ ਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਹਨਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫ਼ੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਵਾਂ ਤੇ ਰਹਿਣਾ ਪਿਆ ਪਰ ਹਰ ਛੁੱਟੀਆਂ ਪਿੰਡ 'ਚ ਗੁਜ਼ਾਰਨ ਕਾਰਨ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ ਕਿ ਗਿਆਰ੍ਹਵੀਂ ਚ ਉਹਨਾਂ ਨੂੰ ਕੁੱਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿੱਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ ਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤੱਕ ਆਉਂਦੇ-ਆਉਂਦੇ ਮੈਨੂੰ ਏਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁੱਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ (Biology) ਸੀ।

ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ



ਯੂਨੀਵਰਸਿਟੀ ਚ ਥਾਂ ਮਿਲ ਗਈ ਉਹ ਵੀ ਸਕਾਲਰਸ਼ਿਪ ਨਾਲ। ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ ਚ ਆਪਣਾ ਨਾਮ ਦਰਜ ਕਰਵਾਉਣ ਚ ਕਾਮਯਾਬ ਹੋ ਗਈ ਸੀ। ਪਿੰਡ 'ਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ। ਗਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫਲ਼ ਮਾਸਟਰਜ਼ ਲਈ ਸਕਾਲਰਸ਼ਿਪ ਦੇ ਰੂਪ ਚ ਮਿਲਿਆ ਤੇ ਮਾਸਟਰਜ਼ ਚ ਕੀਤੀ ਮਿਹਨਤ ਦਾ ਫਲ਼ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ਼ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ ਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂ ਉਹ ਕਹਿੰਦੇ ਆਪਾ ਇੱਕ ਛੋਟੇ ਜ਼ਿਮੀਂਦਾਰ ਹਾਂ ਸੋ ਏਨਾ ਖ਼ਰਚ ਕਿਵੇਂ ਕਰਾਂਗੇ ? ਜਦ ਮੈਂ ਉਹਨਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖ਼ਰਚ ਚੁੱਕੇਗੀ। ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇੱਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਸਹਿਣ 'ਤੇ। ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ ਜਿਸ ਨੂੰ ਉਸ ਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ.ਐਨ.ਏ. ਉੱਤੇ ਕੰਮ ਕਰਨਾ ਮੇਰਾ ਸ਼ੌਕ ਸੀ ਪਰ ਹੁਣ ਮੈਨੂੰ ਇਸ ਦੇ ਪੈਸੇ ਮਿਲਦੇ ਹਨ। ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ਉੱਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਹਨਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿੱਚ ਕੁੱਝ ਅਜਿਹੇ ਤੱਤ ਸਨ ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ ਜੋ ਕਿ ਓਜ਼ੋਨ ਚ ਹੋਏ ਸੁਰਾਖ਼ ਲਈ ਜਿਮੇਵਾਰ ਹੈ। ਆਸਟ੍ਰੇਲੀਆ ਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।

ਜਦੋਂ ਕਰੋਨਾ ਦਾ ਕਾਲ ਦੁਨੀਆ ਤੇ ਮੰਡਰਾਉਣਾ ਲੱਗਿਆ ਤਾਂ ਪਰਵਿੰਦਰ ਨੂੰ ਫੇਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ। ਜਿਸ ਨੂੰ ਉਸ ਨੇ ਖਿੜੇ ਮੱਥੇ ਲੈਂਦਿਆਂ ਦੱਸਿਆ ਕਿ ਕੋਰੋਨਾ ਦਾ ਡੀ.ਐਨ.ਏ. ਕੋਡ ਫ਼ਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ ਇਸ ਲਈ ਇਸ ਨੂੰ ਹਲਕੇ ਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖ਼ਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ। ਪਰਵਾਰ ਬਾਰੇ ਪੁੱਛਣ ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਵਾਰਿਕ ਮਜਬੂਰੀਆਂ ਕਾਰਨ ਬਚਪਨ 'ਚ ਆਪਣੀ ਪੜਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਹਨਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਫ਼ਨੇ ਆਪਣੇ ਬੱਚਿਆਂ ਦੇ ਜਰੀਏ ਪੂਰੇ ਕਰਾਂਗੀ। ਹਰ ਮਾਂ ਬਾਪ ਵਾਂਗ ਮੇਰੇ ਮਾਂ ਬਾਪ ਦੇ ਸਾਹਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫ਼ਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖ਼ੁਸ਼ ਕਿਸਮਤ ਰਹੀ ਤੇ ਮੇਰੇ ਮਾਂ ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ। ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕੇ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫੇਰ ਵੀ ਉਹ ਜਦੋਂ ਮੇਰੀ ਹਰ ਗੱਲ ਚ ਹੁੰਗਾਰਾ ਭਰਦੇ ਹਨ ਤਾਂ ਮੇਰੀ ਅੱਧੀ ਜਿੱਤ ਤਹਿ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ ਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ਼ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫੇਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ। ਆਪਣੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ



ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ਼ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ ਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ ਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇੱਕ ਵੱਡਾ ਫ਼ੈਸਲਾ ਸੀ ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ ਅਮਿਤ ਅਤੇ ਮੇਰਾ ਸਹੁਰਾ ਪਰਵਾਰ ਮੇਰੇ ਪਿੱਛੇ ਆ ਖੜਿਆ ਸੀ। ਮੇਰੇ ਮੰਮੀ ਕਹਿੰਦੇ ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿੱਚ ਇਹ ਸੀ ਕੀ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਏਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ ਤੇ ਮਾਨ ਕਰੇਗਾ। ਇਹ ਸੱਚ ਵੀ ਹੋ ਰਿਹਾ ਮੇਰੇ ਸਾਰੇ ਵੱਡੇ ਮਾਰ੍ਹਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ ਸ਼ਾਇਦ ਮੈਂ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦ ਮੈਂ ਘਰ ਵਾਪਸ ਆਈ ਤਾਂ ਮੇਰੇ ਪੁੱਤਰ ਅਕਸ਼ਰ ਨੇ ਮੈਨੂੰ ਪਛਾਣਿਆ ਤੱਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁੱਝ ਪਾਉਣ ਲਈ ਗੁਆਉਣ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ ਮੇਰੇ ਨਾਲ ਲੈਕਚਰ ਸੁਣਦਾ ਕਾਨਫਰੈਂਸ ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁੱਕਰ ਹੈ ਇਸ ਮੁਲਕ ਦਾ ਜੋ ਇੱਕ ਮਾਂ ਦੀ ਇਸ ਜੱਦੋ ਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿੱਚ ਸਹਿਯੋਗ ਦਿੰਦਾ ਹੈ। ਅੱਜ ਗਿਆਰਾਂ ਵਰ੍ਹਿਆਂ ਦਾ ਮੇਰੇ ਪੁੱਤਰ ਚੋਂ ਮੈਨੂੰ ਜਦੋਂ ਪਰਪੱਕਤਾ ਦਿਸਦੀ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫ਼ੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿੱਚ ਇੱਕ ਕੌਂਸਲਰ ਵੱਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇੱਕ ਸਾਂਝੇ ਪਰਵਰ ਵਾਂਗ ਵਿੱਚਰ ਰਹੇ ਹਨ। ਪਰਵਿੰਦਰ ਇੱਕ ਬਹੁਤ ਹੀ ਖ਼ੂਬ-ਸੂਰਤ ਅਤੇ ਖ਼ੂਬ-ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖ਼ਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ, ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ, ਉਸ ਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ ਨਾ ਕਿ ਉਸ ਦਾ ਨਾਜਾਇਜ਼ ਫ਼ਾਇਦਾ ਚੁੱਕਿਆ। ਪਰ ਉਸ ਨੇ ਕਦੇ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇੱਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ ਚ ਪਹਿਲਾਂ ਤੋਂ ਹੀ ਦਰਜ ਹੈ ਵਿਗਿਆਨ ਉਸੇ ਨੂੰ ਹੀ ਆਪਣਾ ਅਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆ ਤੇ ਕੋਈ ਤਾਂ ਸਿਰਮੌਰ ਤਾਕਤ ਹੈ ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ ਚ ਹੁੰਦੇ ਸਭਿਆਚਾਰਕ ਪ੍ਰੋਗਰਾਮ ਚ ਹਿੱਸਾ ਲੈਂਦੀ ਦਿਖਾਈ ਦੇਵੇਗੀ ਕਦੇ ਰੇਡੀਓ 'ਤੇ ਮੇਜ਼ਬਾਨੀ ਕਰਦੀ ਸੁਣਾਈ ਦੇਵੇਗੀ। ਯੂਨੀਵਰਸਿਟੀ ਵਿੱਚ ਇੱਕ ਸਹਾਇੱਕ ਪ੍ਰੋਫੈਸਰ ਵੱਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ। ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀਆਂ ਇਹਨਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਹਨਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ। ਜਿਸ ਨੂੰ ਉਹ ਅਸਾਨੀ ਨਾਲ ਜਿੱਤਣ 'ਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਹਨਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆ ਦਾ ਸਭ ਤੋਂ ਚੰਗਾ ਸਾਂਸਦ ਬਣਨ 'ਚ ਵਿਸ਼ਵਾਸ ਰੱਖਦੇ ਹਨ। ਅਖੀਰ ਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ ਉਹ ਇਹ ਸੀ ਕਿ ਆਪਣਾ ਇੱਕ ਨਿਸ਼ਾਨਾ ਮਿਥੋ, ਉਸ ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ ਤਾਂ ਹੋਰ ਵੀ ਨਿਮਰ ਹੋ ਜਾਓ। ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲ਼ੇ ਦੁਆਲ਼ੇ ਦੇ ਸਹਿਯੋਗ ਬਿਨਾ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜ਼ਾਰ ਹੋਣਾ ਹੀ ਕਾਮਯਾਬੀ ਦਾ ਅਸਲ ਸ਼ਿਖਰ ਹੈ। ਸੋ ਇਹ ਸੀ ਪ੍ਰੋ ਪਰਵਿੰਦਰ ਕੌਰ(ਡਾ.) ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।

# ਰੋਟੀ ਦਾ ਬਾਜ਼ਾਰ ਅਤੇ ਬਿਮਾਰੀਆਂ ਦੀ ਦਸਤਕ

**ਗੁਰਚਰਨ ਸਿੰਘ ਨੂਰਪੁਰ**

ਰੋਟੀ ਹੁਣ ਬਹੁਤ ਵੱਡੀ ਫੂਡ ਇੰਡਸਟਰੀ ਬਣ ਗਈ ਹੈ। ਖਾਣ ਪੀਣ ਦੀਆਂ ਵਸਤਾਂ 'ਤੇ ਹਰ ਰੋਜ਼ ਬਾਜ਼ਾਰ ਦਾ ਗਲਬਾ ਵਧ ਰਿਹਾ ਹੈ ਅਤੇ ਹਰ ਦਿਨ ਸਾਡੇ ਘਰਾਂ ਵਿੱਚੋਂ ਰਸੋਈ ਦਾ ਮਹੱਤਵ ਘਟ ਰਿਹਾ ਹੈ।

ਕਿਸੇ ਵੇਲੇ ਕਿਰਤ ਨਾਲ ਜੁੜੇ ਪੰਜਾਬੀਆਂ ਦੀ ਰੋਟੀ ਉਨ੍ਹਾਂ ਦੇ ਮਗਰ ਖੇਤ ਜਾਂਦੀ ਸੀ। ਖੇਤ ਜਾਣ ਵਾਲੀ ਰੋਟੀ ਨੂੰ ਭੱਤਾ ਕਿਹਾ ਜਾਂਦਾ ਸੀ। ਕਿਸਾਨਾਂ ਦੀਆਂ ਔਰਤਾਂ ਖੇਤਾਂ ਵਿੱਚ ਕੰਮ ਕਰਦੇ ਜੀਆਂ ਲਈ ਭੱਤਾ ਲੈ ਕੇ ਖੇਤ ਜਾਂਦੀਆਂ ਸਨ। ਸਾਡੀ ਲੋਕਧਾਰਾ ਵਿੱਚ ਇਸ ਦਾ ਜ਼ਿਕਰ ਹੈ:

ਭੱਤਾ ਲੈ ਕੇ ਚੱਲੀ ਖੇਤ ਨੂੰ, ਜੱਟੀ ਪੰਦਰਾਂ ਮੁਰੱਬਿਆਂ ਵਾਲੀ।

ਕੋਈ ਵਕਤ ਸੀ ਜਦੋਂ ਪੰਜਾਬੀ ਖੇਤਾਂ ਵਿੱਚੋਂ ਮੂਲੀਆਂ, ਗਾਜਰਾਂ, ਸ਼ਲਗਮ ਪੁੱਟਦੇ ਤੇ ਖਾਂਦੇ ਸਨ। ਸ਼ਕਰਕੰਦੀ, ਹੋਲਾਂ, ਛੱਲੀਆਂ ਭੁੰਨੀਆਂ ਤੇ ਖਾਧੀਆਂ ਜਾਂਦੀਆਂ ਸਨ। ਲੋਕ ਗੰਨੇ ਚੂਪਦੇ ਸਨ ਤੇ ਤੰਦਰੁਸਤ ਰਹਿੰਦੇ ਸਨ। ਖਾਣਿਆਂ ਵਿੱਚ ਮੁਰਮੁਰੇ ਸਨ, ਭੁੱਜੇ ਕਣਕ ਦੇ ਦਾਣੇ, ਮੱਕੀ ਦੇ ਫੁੱਲੇ, ਛੋਲੇ ਤੇ ਚੌਲ ਸਨ। ਇਹ ਸਭ ਕੁਝ ਹੁਣ ਬੀਤੇ ਦੀ ਬਾਤ ਬਣ ਗਿਆ ਹੈ। ਹੁਣ ਇੱਕ ਇੱਕ ਖਾਣੇ ਨੂੰ ਬਣਾਉਣ ਦੀਆਂ ਸੈਂਕੜੇ ਵਿਧੀਆਂ ਵਿਕਸਤ ਹੋ ਗਈਆਂ ਹਨ। ਹੁਣ ਖਾਣਾ ਭੁੱਖ ਮਿਟਾਉਣ ਤੇ ਤੰਦਰੁਸਤੀ ਲਈ ਨਹੀਂ ਸਗੋਂ ਸੁਆਦ ਲਈ ਖਾਧਾ ਜਾਂਦਾ ਹੈ।


ਸਾਡਾ ਖਾਣਾ ਮੋਟੇ ਤੌਰ 'ਤੇ ਤਿੰਨ ਪ੍ਰਕਾਰ ਦਾ ਹੈ। ਇਹ ਤਿੰਨਾਂ ਕਿਸਮਾਂ ਦੇ ਖਾਣਿਆਂ 'ਤੇ ਹੁਣ ਬਾਜ਼ਾਰ ਕਾਬਜ਼ ਹੋ ਰਿਹਾ ਹੈ। ਤਿੰਨ ਪ੍ਰਕਾਰ ਦੇ ਖਾਣਿਆਂ ਵਿੱਚ ਪਹਿਲਾ ਕੁਦਰਤ ਤੋਂ ਸਿੱਧਾ ਲਿਆ ਖਾਣਾ ਜਿਵੇਂ ਅਮਰੂਦ, ਸੇਬ, ਸੰਤਰਾ, ਮਾਲਟਾ, ਕਿੰਨੂ, ਮੂਲੀ, ਗਾਜਰ, ਖੀਰਾ, ਅੰਬ, ਅੰਗੂਰ, ਪਪੀਤਾ, ਆਲੂ ਬੁਖਾਰਾ ਆਦਿ ਹੈ। ਦੂਜੀ ਪ੍ਰਕਾਰ ਦਾ ਖਾਣਾ ਹੈ ਜਿਵੇਂ ਆਲੂ, ਆਟਾ, ਚਾਵਲ, ਗੋਭੀ, ਭਿੰਡੀ, ਕੱਦੂ, ਕਰੇਲੇ, ਪਾਲਕ, ਸਾਗ, ਬੈਂਗਣ ਆਦਿ ਜੋ ਪਕਾਏ ਤੇ ਬਣਾਏ ਖਾਧੇ ਜਾਂਦੇ ਹਨ। ਤੀਜੀ ਕਿਸਮ ਦਾ ਖਾਣਾ ਉਹ ਹੈ ਜੋ ਪਸ਼ੂਆਂ ਤੋਂ ਆਉਂਦਾ ਹੈ ਜਿਵੇਂ ਦੁੱਧ, ਦਹੀਂ, ਲੱਸੀ, ਪਨੀਰ, ਮੱਖਣ, ਘਿਉ, ਮੀਟ, ਮੱਛੀ, ਆਂਡਾ ਜੋ ਪਸ਼ੂਆਂ ਤੋਂ ਆਉਂਦਾ ਹੈ। ਇਨ੍ਹਾਂ 'ਚੋਂ ਸਿੱਧੇ ਕੁਦਰਤ ਤੋਂ ਲੈ ਕੇ ਬਿਨਾਂ ਪਕਾਏ ਬਿਨਾਂ ਬਣਾਏ ਖਾਧੇ ਜਾਣ ਵਾਲੇ ਫਲ, ਸਬਜ਼ੀਆਂ ਤੇ ਸਲਾਦ ਸਿਹਤ ਲਈ ਵਧੇਰੇ ਲਾਹੇਵੰਦ ਮੰਨੇ ਜਾਂਦੇ ਹਨ। ਪੂਰੀ ਦੁਨੀਆ ਦੇ ਤਕਰੀਬਨ 90 ਫ਼ੀਸਦੀ ਲੋਕ ਮਾਸਾਹਾਰੀ ਹਨ। ਮਾਸ, ਮੱਛੀ, ਆਂਡੇ ਇਨ੍ਹਾਂ ਦੇ ਖਾਣੇ ਵਿੱਚ ਸ਼ਾਮਿਲ ਹੈ। ਜੀਵ ਵਿਕਾਸ ਦੀ ਸਮਝ ਰੱਖਣ ਵਾਲੇ ਮੰਨਦੇ ਹਨ ਕਿ ਜੇਕਰ ਆਦਿਕਾਲ ਦਾ ਮਨੁੱਖ ਮਾਸਾਹਾਰੀ ਨਾ ਹੁੰਦਾ ਤਾਂ ਸ਼ਾਇਦ ਅਜੋਕੀ ਸੱਭਿਅਤਾ ਤੱਕ ਵਿਕਾਸ ਸੰਭਵ ਨਾ ਹੁੰਦਾ।

ਹੁਣ ਸਾਡਾ ਖਾਣ-ਪੀਣ ਕੁਦਰਤੀ ਨਹੀਂ ਰਿਹਾ। ਇਸ ਵਿੱਚ ਕਈ ਤਰ੍ਹਾਂ ਦੇ ਕੈਮੀਕਲ ਪ੍ਰਵੇਸ਼ ਕਰ ਗਏ ਹਨ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਲਗਭਗ 90 ਫ਼ੀਸਦੀ ਬਿਮਾਰੀਆਂ ਗ਼ਲਤ ਖਾਣ ਪੀਣ ਨਾਲ ਹੁੰਦੀਆਂ ਹਨ। ਜਿਹੋ ਰਿਹਾ ਵਿਹਾਰ ਅਸੀਂ ਸਰੀਰ ਨਾਲ ਕਰਦੇ ਹਾਂ, ਅਗਲੇ ਦਿਨ ਇਹ ਸਾਨੂੰ ਇਸ ਦੀ ਸੂਚਨਾ ਦਿੰਦਾ ਹੈ ਕਿ ਕੱਲ੍ਹ ਤੁਸੀਂ ਜੋ ਖਾਧਾ ਸੀ ਉਹ ਸਰੀਰ ਲਈ ਠੀਕ ਨਹੀਂ, ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਲੋਕ ਪੰਜਾਹ ਸਾਲ ਦੀ ਉਮਰ ਤੱਕ ਪਹੁੰਚ ਕੇ ਵੀ ਸਰੀਰ ਦੀ ਲੋੜ ਨਹੀਂ ਸਮਝਦੇ। ਕੁਦਰਤ ਹਰ ਮੌਸਮ ਵਿੱਚ ਸਾਡੇ ਲਈ ਵੱਖਰਾ ਖਾਣਾ ਪੈਦਾ ਕਰਦੀ ਹੈ। ਪਰ ਅਸੀਂ ਗਰਮੀਆਂ ਦੀਆਂ ਸਬਜ਼ੀਆਂ ਤੇ ਫਲ ਸਰਦੀਆਂ ਵਿੱਚ ਖਾਣ ਲੱਗੇ ਹਾਂ ਅਤੇ ਸਰਦੀਆਂ ਦੇ ਫਲ ਸਬਜੀਆਂ ਗਰਮੀਆਂ ਵਿੱਚ। ਇਹ ਸਾਡੀ ਸਿਹਤ ਲਈ ਬੇਹੱਦ ਨੁਕਸਾਨਦਾਇਕ ਹੈ। ਸਾਨੂੰ ਸਿਰਫ਼ ਮੌਸਮ ਮੁਤਾਬਿਕ ਫਲ ਸਬਜ਼ੀਆਂ ਖਾਣੇ ਚਾਹੀਦੇ ਹਨ ਅਤੇ ਬੇਮੌਸਮੇ ਫਲ ਸਬਜ਼ੀਆਂ ਖਾਣ ਤੋਂ ਬਚਣਾ ਚਾਹੀਦਾ ਹੈ। ਆਯੁਰਵੇਦ ਵਿੱਚ ਇਸ ਨੂੰ ਰਿਤੂ ਸੰਧੀ ਕਹਿੰਦੇ ਹਨ। ਇਸ ਅਨੁਸਾਰ ਹਰ ਰੁੱਤ ਦੇ ਖਾਣੇ ਸਾਨੂੰ ਰੁੱਤ ਅਨੁਸਾਰ ਹੀ ਖਾਣੇ ਚਾਹੀਦੇ ਹਨ।ਮਨੁੱਖੀ ਸੱਭਿਅਤਾ ਦੇ ਵਿਕਾਸ ਨਾਲ ਖਾਣੇ ਦਾ ਬਾਜ਼ਾਰ ਪ੍ਰਫੁੱਲਿਤ ਹੋ ਰਿਹਾ ਹੈ। ਵਿਕਸਤ ਮੁਲਕਾਂ ਵਿੱਚ ਘਰਾਂ ਵਿੱਚੋਂ ਰਸੋਈ ਰੁਖ਼ਸਤ ਹੋ ਰਹੀ ਹੈ। ਸਾਡੇ ਦੇਸ਼ ਵਿੱਚ ਵੀ ਵੱਡੇ ਸ਼ਹਿਰਾਂ ਵਿੱਚ ਘਰ ਰੋਟੀ ਪਕਾਉਣ ਦਾ ਰੁਝਾਨ ਹੁਣ ਘਟਣ ਲੱਗਾ ਹੈ। ਰੋਟੀ ਦੀ ਥਾਂ ਹੁਣ ਬਹੁਤ ਸਾਰੇ ਬਾਜ਼ਾਰੂ ਪਕਵਾਨਾਂ ਨੇ ਲੈ ਲਈ ਹੈ। ਖਾਣਿਆਂ ਦੇ ਸੁਆਦਾਂ ਨੂੰ ਤੇਜ਼ ਕਰਨ ਲਈ ਅਜੀਨੋਮੋਟੋ ਨਾਂ ਦਾ ਕੈਮੀਕਲ ਇਨ੍ਹਾਂ ਵਿੱਚ ਪਾਇਆ ਜਾਂਦਾ ਹੈ ਜੋ ਇਨਸਾਨੀ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਅਜੀਨੋਮੋਟੋ ਸਫ਼ੇਦ ਰਵੇ (ਕ੍ਰਿਸਟਲ) ਦੇ ਰੂਪ ਵਿੱਚ ਹੁੰਦਾ ਹੈ ਜਿਸ ਨੂੰ ਦਾ ਵਿਗਿਆਨਕ ਨਾਂ ਮੋਨੋਸੋਡੀਅਮ ਗਲੂਟਾਮੇਟ ਹੈ। ਇਹ ਚਾਈਨੀਜ਼ ਨਮਕ ਹੈ ਜੋ ਮਿੱਠਾ, ਖੱਟਾ ਅਤੇ ਨਮਕੀਨ ਤਿੰਨ ਤਿੱਖੇ ਸਵਾਦਾਂ ਦਾ ਮਿਸ਼ਰਣ ਹੁੰਦਾ ਹੈ। ਇਹ ਸਵਾਦ ਹਰ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰਦੇ ਹਨ। ਇਹ ਖਾਣੇ ਨੂੰ ਲਜ਼ੀਜ਼ ਬਣਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦਾ ਹੈ ਜਿਸ ਕਾਰਨ ਬੱਚੇ ਅਤੇ ਨੌਜੁਵਾਨ ਇਸ ਦਾ ਨਸ਼ੇ ਦੀ ਲਤ ਵਾਂਗ ਸ਼ਿਕਾਰ ਹੋ ਜਾਂਦੇ ਹਨ। ਨੂਡਲਜ਼, ਬਰਗਰਾ, ਪਿਜ਼ਿਆਂ ਤੋਂ ਇਲਾਵਾ ਪੈਕਟਾਂ ਵਿੱਚ ਬੰਦ ਲੂਣੀਆਂ ਕਰਾਰੀਆਂ ਖਾਣ ਵਾਲੀਆਂ ਵਸਤਾਂ ਵਿੱਚ ਅਜੀਨੋਮੋਟੋ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ।












# ਨਸ਼ੇ ਦੀ ਪਹਿਲੀ ਪੌੜੀ – ਐਨਰਜੀ ਡਰਿੰਕਸ



ਸੰਦੀਪ ਸਿੰਘ
7009807121

ਅੱਜ ਦਾ ਸਮਾਜ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਹੋ ਚੁੱਕਾ ਹੈ ਜਿਸ ਵਿੱਚ ਹਰ ਕੋਈ ਅੱਗੇ ਨਿਕਲਣ ਦੀ ਕੋਸ਼ਿਸ਼ ਵਿੱਚ ਆਪਣੀ ਜਿੰਦਗੀ ਦੀ ਗਤੀ ਨੂੰ ਬੇਹੱਦ ਤੇਜ਼ ਕਰ ਬੈਠਿਆ ਹੈ। ਇਨ੍ਹਾਂ ਹਾਲਾਤਾਂ ਵਿੱਚ ਨੌਜਵਾਨ ਪੀੜ੍ਹੀ, ਖ਼ਾਸ ਕਰਕੇ ਵਿਦਿਆਰਥੀ, ਆਪਣੇ ਮਨ ਅਤੇ ਸਰੀਰ ਨੂੰ ਥਕਾਵਟ ਤੋਂ ਬਚਾਉਣ ਲਈ ਵੱਖ-ਵੱਖ ਤਰੀਕਿਆਂ ਦੀ ਮੱਦਦ ਲੈ ਰਹੇ ਹਨ। ਅਜਿਹੇ ਵਿੱਚ ਐਨਰਜੀ ਡਰਿੰਕਸ ਇੱਕ ਨਵੇਂ ਤਰ੍ਹਾਂ ਦਾ ਰੁਝਾਨ ਬਣ ਚੁੱਕਾ ਹੈ ਜੋ ਕਿ ਸਿਹਤ ਲਈ ਤੱਤਕਾਲੀ ਤੌਰ 'ਤੇ ਤਾਂ ਉਰਜਾ ਦਾ ਭਰਮ ਪੈਦਾ ਕਰਦਾ ਹੈ, ਪਰ ਲੰਬੇ ਸਮੇਂ ਤੱਕ ਇਸਦੀ ਲੱਤ ਇਨਸਾਨ ਨੂੰ ਨਸ਼ੇ ਦੀ ਪਹਿਲੀ ਪੌੜੀ ਵੱਲ ਧੱਕਣ ਲੱਗਦੀ ਹੈ। ਐਨਰਜੀ ਡਰਿੰਕਸ ਆਮ ਤੌਰ 'ਤੇ ਇਸ ਤਰ੍ਹਾਂ ਦੇ ਵਿਗਿਆਪਨਾਂ ਰਾਹੀਂ ਪ੍ਰਚਾਰਤ ਕੀਤੇ ਜਾਂਦੇ ਹਨ ਕਿ ਇਹ ਮਨੁੱਖੀ ਸਰੀਰ ਨੂੰ ਤੁਰੰਤ ਤਾਜਗੀ ਅਤੇ ਜੋਸ਼ ਦੇਂਦੇ ਹਨ। ਪਰ ਹਕੀਕਤ ਇਹ ਹੈ ਕਿ ਇਨ੍ਹਾਂ ਵਿੱਚ ਮੌਜੂਦ ਕੈਫੀਨ, ਟੌਰੀਨ, ਗਲੂਕੋਜ਼, ਅਤੇ ਹੋਰ ਰਸਾਇਣਕ ਤੱਤ ਸਰੀਰ ਵਿੱਚ ਆਮ ਤੌਰ ਤੇ ਹੋਣ ਵਾਲੀ ਰਸਾਇਣਕ ਪ੍ਰਕਿਰਿਆਵਾਂ ਨੂੰ ਬੇਤਰਤੀਬ ਕਰ ਦਿੰਦੇ ਹਨ। ਇਨ੍ਹਾਂ ਐਨਰਜੀ ਡਰਿੰਕਸ ਨੂੰ ਨਸ਼ੇ ਦੀ ਸ਼ੁਰੂਆਤ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਹ ਮਨੁੱਖ ਦੇ ਦਿਮਾਗ ਅਤੇ ਸਰੀਰ ਨੂੰ ਐਸਾ ਆਦੀ ਬਣਾਉਂਦੇ ਹਨ ਕਿ ਉਹ ਬਿਨ੍ਹਾਂ ਇਹਨਾਂ ਦੇ ਚੁਸਤ ਮਹਿਸੂਸ ਨਹੀਂ ਕਰਦਾ। ਕੈਫੀਨ ਦੀ ਵੱਧ mfqrf ਦਿਲ ਦੀ ਧੜਕਣ ਨੂੰ ਤੇਜ਼ ਕਰ ਦਿੰਦੀ ਹੈ, ਨੀਂਦ ਉਡਾ ਦਿੰਦੀ ਹੈ, ਅਤੇ ਕਈ ਵਾਰ ਤਨਾਅ ਅਤੇ ਗੁੱਸਾ ਵਧਾਉਂਦੀ ਹੈ।

ਇੱਕ ਪਾਸੇ ਜਿੱਥੇ ਨਸ਼ੇ ਵਿਰੁੱਧ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ, ਉੱਥੇ ਹੀ ਐਨਰਜੀ ਡਰਿੰਕਸ ਵਰਗੀਆਂ ਚੀਜ਼ਾਂ ਅਸਲ ਵਿੱਚ ਨਵੇਂ ਰੂਪ ਵਿੱਚ ਨਸ਼ਾ ਬਣ ਕੇ ਨੌਜਵਾਨੀ ਦਾ ਸ਼ਿਕਾਰ ਕਰ ਰਹੀਆਂ ਹਨ। ਵਿਦਿਆਰਥੀ ਜਦੋਂ ਪੜਾਈ ਦੌਰਾਨ ਜਾਂ ਖੇਡਾਂ ਵਿੱਚ ਆਪਣੀ ਥਕਾਵਟ ਨੂੰ ਦੂਰ ਕਰਨ ਲਈ ਐਨਰਜੀ ਡਰਿੰਕ ਵੱਲ ਰੁਝਾਨ ਕਰਦੇ ਹਨ, ਤਾਂ ਉਹਨਾਂ ਨੂੰ ਅਸਲ ਵਿੱਚ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਇੱਕ ਨਵੇਂ ਨਸ਼ੇ ਦੀ ਜਕੜ ਵਿੱਚ ਫਸ ਰਹੇ ਹਨ। ਸ਼ੁਰੂਆਤੀ ਦੌਰ ਵਿੱਚ ਇਹ ਆਦਤ ਸਿਰਫ ਇੱਕ ਡਰਿੰਕ ਤੱਕ ਸੀਮਤ ਰਹਿੰਦੀ ਹੈ ਪਰ ਬਾਅਦ ਵਿੱਚ ਇਹ ਨਸ਼ੇ ਦੀਆਂ ਹੋਰ ਕਿਸਮਾਂ ਵੱਲ ਲਿਜਾਣ ਵਾਲਾ ਰਾਹ ਬਣ ਜਾਂਦੀ ਹੈ। ਬੱਚਿਆਂ ਅਤੇ ਘੱਟ ਉਮਰ ਦੇ ਨੌਜਵਾਨਾਂ ਵਿੱਚ ਇਹ ਆਦਤ ਹੋਰ ਵੀ ਖਤਰਨਾਕ ਸਾਬਤ ਹੁੰਦੀ ਹੈ। ਜਦੋਂ ਇੱਕ ਅਣਪੱਕਾ ਮਨ ਇਹ ਸੋਚ ਬਣਾ ਲੈਂਦਾ ਹੈ ਕਿ ਇਹ ਡਰਿੰਕ ਤਾਜਗੀ ਦਿੰਦੇ ਹਨ ਜਾਂ ਯਾਰ-ਮਿੱਤਰਾਂ ਵਿੱਚ ਰੌਲਾ ਬਣਾਉਣ ਲਈ ਲਾਜ਼ਮੀ ਹਨ, ਤਾਂ ਇਹ ਆਦਤ ਦਿਨੋ-ਦਿਨ ਪੱਕੀ ਹੋ ਜਾਂਦੀ ਹੈ। ਇਹੀ ਕਾਰਨ ਹੈ ਕਿ ਕਈ ਮੁਲਕਾਂ ਵਿੱਚ ਐਨਰਜੀ ਡਰਿੰਕਸ ਦੀ ਖ਼ਰੀਦ ਉੱਤੇ ਉਮਰ ਦੀ ਹੱਦ ਲਾਈ ਗਈ ਹੈ। ਇੱਕ ਰਿਪੋਰਟ ਦੇ ਅਨੁਸਾਰ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਐਨਰਜੀ ਡਰਿੰਕਸ ਪੀਣ ਦੀ ਸਿਫ਼ਾਰਸ਼ ਨਹੀਂ ਕੀਤੀ ਜਾਂਦੀ। ਉਲਟ, ਇਹ ਸੂਚਿਤ ਕੀਤਾ ਗਿਆ ਹੈ ਕਿ ਇਹ ਸਿਹਤ ਲਈ ਵੱਡਾ ਖਤਰਾ ਹਨ।

ਜਿਵੇਂ ਕਿ ਅੱਜ ਦੇ ਸਮੇਂ ਬਜ਼ਾਰ ਵਿੱਚ ਰੈਡ ਬੁਲ, ਮੋਨਸਟਰ, ਸਟਿੰਗ, ਚਾਰਜ ਆਦਿ ਜਿਹੇ ਡਰਿੰਕਸ ਦੀ ਮੰਗ ਬਹੁਤ ਵਧ ਚੁੱਕੀ ਹੈ, ਇਨ੍ਹਾਂ ਦੀ ਉਪਲਬਧਤਾ ਹਰੇਕ ਦੁਕਾਨ ਤੇ ਆਸਾਨੀ ਨਾਲ ਹੋ ਰਹੀ ਹੈ। ਇਨ੍ਹਾਂ ਦੀਆਂ ਪੈਕੇਜਿੰਗ ਅਤੇ ਵਿਗਿਆਪਨ ਇਸ ਤਰੀਕੇ ਨਾਲ ਬਣਾਏ ਜਾਂਦੇ ਹਨ ਕਿ ਵਿਦਿਆਰਥੀਆਂ ਅਤੇ ਨੌਜਵਾਨ ਆਪਣੇ ਆਪ ਇਸ ਨੂੰ ਲੈਣ ਲਈ ਮਜਬੂਰ ਮਹਿਸੂਸ ਕਰਦੇ ਹਨ। ਦੁਕਾਨਾਂ ਵਿੱਚ ਇਹਨਾਂ ਡਰਿੰਕਸ ਨੂੰ ਕੈਂਡੀ ਜਾਂ ਸੌਫਟ ਡਰਿੰਕ ਨਾਲ ਮਿਲਾ ਕੇ ਰੱਖਿਆ ਜਾਂਦਾ ਹੈ, ਜੋ ਕਿ ਨਿਸ਼ਾਨਾ ਸਿੱਧਾ ਬੱਚਿਆਂ ਉੱਤੇ ਹੁੰਦਾ ਹੈ। ਸਿਹਤ ਮਾਹਿਰਾਂ ਦੇ ਅਨੁਸਾਰ, ਇਹ ਡਰਿੰਕਸ ਜਦੋਂ ਸਰੀਰ ਵਿੱਚ ਜਾਣਦੇ ਹਨ ਤਾਂ ਕਈ ਤਰ੍ਹਾਂ ਦੀਆਂ ਅਲਰਜੀਆਂ, ਹਾਰਟ ਅਟੈਕ, ਉਲਟੀਆਂ, ਦਸਤ, ਸ਼ਰੀਰਕ ਹਾਰਮੋਨ ਵਿੱਚ ਬਦਲਾਅ ਅਤੇ ਮਾਨਸਿਕ ਚਿੰਤਾ ਪੈਦਾ ਕਰ ਸਕਦੇ ਹਨ। ਦਿਲ ਦੀ ਧੜਕਣ ਵਧ ਜਾਣਾ, ਬੇਚੈਨੀ ਮਹਿਸੂਸ ਕਰਨਾ ਅਤੇ ਨੀਂਦ ਨਾ ਆਉਣਾ ਆਮ ਲੱਛਣ ਹਨ। ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਤ ਹੁੰਦੀ ਹੈ, ਅਤੇ ਉਹ ਆਪਣੀ ਸਹੀ ਸਮਝਦਾਰੀ ਗੁਆ ਦੇਂਦੇ ਹਨ। ਕੁੱਝ ਹਾਲਾਤਾਂ ਵਿੱਚ ਤਾਂ ਇਹਨਾਂ ਨਾਲ ਡੀਹਾਈਡ੍ਰੇਸ਼ਨ, ਲਿਵਰ ਡੈਮੇਜ ਅਤੇ ਨਰਵਸ ਸਿਸਟਮ ਦੀ ਗੜਬੜੀ ਵੀ ਹੋ ਸਕਦੀ ਹੈ।

ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਚਲ ਰਹੀ ਮੁਹਿੰਮ ਹੇਠ ਸਿਹਤ ਵਿਭਾਗ ਨੇ ਇੱਕ ਵਧੀਆ ਕਦਮ ਚੁੱਕਿਆ ਹੈ। ਸਿਹਤ ਮੰਤਰੀ ਡਾ: ਬਲਵੀਰ ਸਿੰਘ ਵੱਲੋਂ ਐਲਾਨ ਕੀਤਾ ਗਿਆ ਕਿ ਸਕੂਲਾਂ ਅਤੇ ਉਹਨਾਂ ਦੇ ਆਲੇ ਦੁਆਲੇ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਾਈ ਗਈ ਹੈ। ਇਹ ਫੈਸਲਾ ਬੱਚਿਆਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ। ਇਹ ਕਦਮ ਨਸ਼ਿਆਂ ਵੱਲ ਵਧ ਰਹੇ ਰੁਝਾਨ ਨੂੰ ਰੋਕਣ ਲਈ ਇੱਕ ਸ਼ੁਰੂਆਤੀ ਉਪਰਾਲਾ ਸਾਬਤ ਹੋ ਸਕਦਾ ਹੈ। ਪਰ ਇਨ੍ਹਾਂ ਸਰਕਾਰੀ ਉਪਰਾਲਿਆਂ ਨੂੰ ਕਾਮਯਾਬ ਬਣਾਉਣ ਲਈ ਸਿਰਫ ਸਰਕਾਰ ਨਹੀਂ, ਸਗੋਂ ਸਮਾਜ ਦੇ ਹਰੇਕ ਭਾਗ ਨੂੰ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਮਾਪਿਆਂ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਆਪਣੇ ਬੱਚਿਆਂ ਉੱਤੇ ਨਿਗਰਾਨੀ ਰੱਖਣੀ ਪਵੇਗੀ। ਉਹਨਾਂ ਨੂੰ ਸਮਝਾਉਣਾ ਪਵੇਗਾ ਕਿ ਸਰੀਰਕ ਥਕਾਵਟ ਤੋਂ ਬਚਣ ਦੇ ਹੋਰ ਸਿਹਤਮੰਦ ਤਰੀਕੇ ਵੀ ਹਨ, ਜਿਵੇਂ ਕਿ ਵਿਆਯਾਮ, ਯੋਗਾ, ਪੋਸ਼ਟਿਕ ਭੋਜਨ ਅਤੇ ਪੂਰੀ ਨੀਂਦ ਲੈਣਾ ਆਦਿ। ਸਕੂਲਾਂ ਵਿੱਚ ਵੀ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰਨ ਦੀ ਲੋੜ ਹੈ। ਇਸੇ ਤਰ੍ਹਾਂ, ਮੀਡੀਆ ਅਤੇ ਵਿਗਿਆਪਨ ਇੰਡਸਟਰੀ ਨੂੰ ਵੀ ਆਪਣੀ ਭੂਮਿਕਾ ਸਮਝਣੀ ਪਵੇਗੀ। ਐਨਰਜੀ ਡਰਿੰਕਸ ਨੂੰ ਰੌਮਾਂਚਕ ਜਾਂ ਕੂਲ ਬਣਾਉਣ ਦੀ ਥਾਂ ਉਨ੍ਹਾਂ ਦੇ ਸਹੀ ਪ੍ਰਭਾਵਾਂ ਨੂੰ ਦਰਸਾਉਣ ਦੀ ਲੋੜ ਹੈ। ਜੇਕਰ ਇਹ ਸਾਰੀਆਂ ਤਾਕਤਾਂ ਇੱਕੱਠੀਆਂ ਹੋ ਕੇ ਕੰਮ ਕਰਨ ਤਾਂ ਇਹ ਲਹਿਰ ਇੱਕ ਇਨਕਲਾਬੀ ਰੂਪ ਲੈ ਸਕਦੀ ਹੈ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਵੱਲ ਵਧੇਗੀ।

ਅੰਤ ਵਿੱਚ, ਇਹ ਕਹਿਣਾ ਉਚਿਤ ਹੋਵੇਗਾ ਕਿ ਐਨਰਜੀ ਡਰਿੰਕਸ ਇੱਕ ਨਵੇਂ ਰੂਪ ਵਿੱਚ ਨਸ਼ੇ ਦੀ ਸ਼ੁਰੂਆਤ ਹਨ। ਇਹਨਾਂ ਦੇ ਰਾਹੀਂ ਨੌਜਵਾਨੀ ਨੂੰ ਜੋ ਰਸਤਾ ਦਿਖਾਇਆ ਜਾ ਰਿਹਾ ਹੈ, ਉਹ ਆਖ਼ਰਕਾਰ ਖਤਰਨਾਕ ਨਸ਼ਿਆਂ ਦੀ ਜਕੜ ਵੱਲ ਲੈ ਜਾਂਦਾ ਹੈ। ਇਸ ਤਰ੍ਹਾਂ ਦੇ ਡਰਿੰਕਸ ਨੂੰ ਸਿਰਫ ਤੰਦਰੁਸਤ ਸਰੀਰ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਲਈ ਵੀ ਖ਼ਤਰਾ ਮੰਨਣਾ ਪਵੇਗਾ। ਅਸਲ ਤਬਦੀਲੀ ਤਾਂ ਉਦੋਂ ਆਏਗੀ ਜਦੋਂ ਹਰ ਨਾਗਰਿਕ ਇਹ ਫੈਸਲਾ ਕਰੇਗਾ ਕਿ ਨੌਜਵਾਨੀ ਨੂੰ ਸਿਰਫ ਨਸ਼ਿਆਂ ਤੋਂ ਨਹੀਂ, ਸਗੋਂ ਨਸ਼ਿਆਂ ਦੀ ਹਰ ਸ਼ੁਰੂਆਤ ਤੋਂ ਵੀ ਬਚਾਉਣਾ ਹੈ।















# ਹਾਂਗਕਾਂਗ – ਸਿੰਗਾਪੁਰ ਵਿੱਚ ਕੋਰੋਨਾ ਕੇਸ ਵਧਣੇ ਸ਼ੁਰੂ



ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਹਾਂਗ ਕਾਂਗ ਅਤੇ ਸਿੰਗਾਪੁਰ ਵਿੱਚ ਕੋਰੋਨਾਵਾਇਰਸ ਦੇ ਮਾਮਲੇ ਫਿਰ ਤੋਂ ਵਧਣੇ ਸ਼ੁਰੂ ਹੋ ਗਏ ਹਨ। 3 ਮਈ ਤੱਕ, ਹਾਂਗਕਾਂਗ ਵਿੱਚ ਕੋਰੋਨਾ ਇਨਫੈਕਸ਼ਨ ਦੇ 31 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ ਕੁੱਝ ਲੋਕਾਂ ਦੀ ਮੌਤ ਵੀ ਹੋ ਗਈ ਹੈ। ਮਰਨ ਵਾਲਿਆਂ ਦੀ ਗਿਣਤੀ ਦਾ ਅਜੇ ਖੁਲਾਸਾ ਨਹੀਂ ਕੀਤਾ ਗਿਆ ਹੈ। ਹਾਂਗ ਕਾਂਗ ਨੇ ਇਹ ਵੀ ਨਹੀਂ ਦੱਸਿਆ ਕਿ ਪਹਿਲਾ ਕੇਸ ਕਦੋਂ ਰਿਪੋਰਟ ਹੋਇਆ ਸੀ। ਬੱਸ ਜਾਣਕਾਰੀ ਦਿੱਤੀ ਹੈ। ਇਸ ਤੋਂ ਪਹਿਲਾਂ, ਸਿੰਗਾਪੁਰ ਨੇ ਵੀ ਕੋਵਿਡ ਅਲਰਟ ਜਾਰੀ ਕੀਤਾ ਸੀ ਅਤੇ ਇਸ ਸਾਲ ਕੋਰੋਨਾ ਮਾਮਲਿਆਂ ਬਾਰੇ ਆਪਣਾ ਪਹਿਲਾ ਅਪਡੇਟ ਜਾਰੀ ਕੀਤਾ ਸੀ। ਸਿੰਗਾਪੁਰ ਵਿੱਚ ਅਪ੍ਰੈਲ ਦੇ ਆਖਰੀ ਹਫ਼ਤੇ ਕੋਰੋਨਾ ਦੇ ਮਾਮਲਿਆਂ ਦੀ ਗਿਣਤੀ 11,110 ਸੀ, ਜੋ ਮਈ ਦੇ ਪਹਿਲੇ ਹਫ਼ਤੇ ਵਧ ਕੇ 14,200 ਹੋ ਗਈ। ਇੱਥੇ ਮਾਮਲਿਆਂ ਵਿੱਚ 28% ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ, ਰੋਜ਼ਾਨਾ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ 30% ਦਾ ਵਾਧਾ ਹੋਇਆ ਹੈ।

## ਲਿਬਰਲ ਸਰਕਾਰ ਵੱਲੋਂ ਬਜਟ ਪੇਸ਼ ਕਰਨ ਤੋਂ ਆਨਾ ਕਾਨੀ

ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਨਵੀਂ ਕੈਬਨਟ ਦੇ ਸਹੁੰ ਚੁੱਕਣ ਤੋਂ ਬਾਅਦ ਪ੍ਰਧਾਨ ਮੰਤਰੀ ਵੱਲੋਂ ਮੰਤਰੀ ਮੰਡਲ ਦੀ ਪਹਿਲੀ ਮੀਟਿੰਗ ਕੀਤੀ ਗਈ। ਇਸ ਦੌਰਾਨ ਗੱਲ ਕਰਦਿਆਂ ਪ੍ਰਧਾਨ ਮੰਤਰੀ ਨੇ ਆਖਿਆ ਕਿ ਕੈਨੇਡਾ ਦੇ ਲੋਕ ਸਪਸ਼ਟ ਤੌਰ ਤੇ ਚਾਹੁੰਦੇ ਹਨ ਕਿ ਅਫੋਰਡੇਬਿਲਟੀ ਦਾ ਮੁੱਦਾ ਹੱਲ ਹੋਣਾ ਚਾਹੀਦਾ ਹੈ। ਉਹਨਾਂ ਆਖਿਆ ਕਿ ਜਿਸ ਤਰ੍ਹਾਂ ਅਸੀਂ ਵਾਅਦਾ ਕੀਤਾ ਸੀ ਕਿ ਮੱਧ ਵਰਗੀ ਪਰਿਵਾਰਾਂ ਦੇ ਟੈਕਸਾਂ ਵਿੱਚ ਕਟੌਤੀ ਕੀਤੀ ਜਾਵੇਗੀ ਜਿਸ ਨਾਲ ਉਹਨਾਂ ਨੂੰ 800 ਡਾਲਰ ਸਾਲਾਨਾ ਦੀ ਬਚਤ ਹੋਵੇਗੀ ਅਤੇ ਇਹ ਕਟੌਤੀ ਪਹਿਲੀ ਜੁਲਾਈ ਤੋਂ ਲਾਗੂ ਹੋਵੇਗੀ। ਪ੍ਰਧਾਨ ਮੰਤਰੀ ਨੇ ਟੈਕਸਾਂ ਚ ਕਟੌਤੀ ਸਬੰਧੀ ਫਾਈਲ ਤੇ ਹਸਤਾਖ਼ਰ ਕੀਤੇ ਜਿਸ ਤੋਂ ਬਾਅਦ ਮੀਟਿੰਗ ਵਿੱਚ ਮੌਜੂਦ ਮੰਤਰੀਆਂ ਨੇ ਤਾੜੀਆਂ ਨਾਲ ਉਸ ਦਾ ਸਵਾਗਤ ਕੀਤਾ। ਕੈਨੇਡਾ ਦੇ ਵਿੱਤ ਮੰਤਰੀ ਫਰਾਂਸਵਾ ਫਿਲਿਪ ਸ਼ੈਂਪੇਨ ਨੇ ਆਖਿਆ ਹੈ ਕਿ ਜਦੋਂ ਪਾਰਲੀਮੈਂਟ ਦਾ ਸੈਸ਼ਨ ਸ਼ੁਰੂ ਹੋਵੇਗਾ ਤਾਂ ਲਿਬਰਲ ਸਰਕਾਰ ਵੱਲੋਂ ਬਜਟ ਪੇਸ਼ ਨਹੀਂ ਕੀਤਾ ਜਾਵੇਗਾ ਸਗੋਂ ਇਸ ਦੀ ਜਗ੍ਹਾ ਤੇ ਇਕਨੋਮਿਕ ਸਟੇਟਮੈਂਟ ਪੇਸ਼ ਕੀਤੀ ਜਾਵੇਗੀ । ਸ਼ਮਪੇਨ ਨੇ ਇਸ ਸਪਸ਼ਟ ਨਹੀਂ ਕੀਤਾ ਕਿ ਮਾਰਕ ਕਾਰਨੀ ਦੀ ਅਗਵਾਈ ਵਾਲੀ ਨਵੀਂ ਸਰਕਾਰ ਵੱਲੋਂ ਆਪਣੀਆਂ ਵਿੱਤੀ ਯੋਜਨਾਵਾਂ ਕਦੋਂ ਪੇਸ਼ ਕੀਤੀਆਂ ਜਾਣਗੀਆਂ ਅਤੇ ਨਾ ਹੀ ਦੱਸਿਆ ਹੈ ਕਿ ਇਸ ਵਿੱਚ ਕਿੰਨੀ ਦੇਰੀ ਹੋਵੇਗੀ। ਵਿੱਤ ਮੰਤਰੀ ਨੇ ਆਖਿਆ ਕਿ ਹਾਊਸ ਆਫ ਕਾਮਨ ਦਾ ਸੈਸ਼ਨ ਸ਼ੁਰੂ ਹੋਣ ਤੇ ਆਉਂਦੇ ਹਫਤਿਆਂ ਦੇ ਵਿੱਚ ਸਰਕਾਰ ਵੱਲੋਂ ਕਈ ਮਤੇ ਪੇਸ਼ ਕੀਤੇ ਜਾਣਗੇ ਜੋ ਉਹਨਾਂ ਵਾਅਦਿਆਂ ਨੂੰ ਪੂਰੇ ਕਰਨ ਵਾਸਤੇ ਹੋਣਗੇ ਜੋ ਚੋਣ ਮੁਹਿੰਮ ਦੇ ਦੌਰਾਨ ਲਿਬਰਲ ਪਾਰਟੀ ਵੱਲੋਂ ਦੇਸ਼ ਦੇ ਲੋਕਾਂ ਨਾਲ ਕੀਤੇ ਗਏ ਸਨ।

## ਐਲਬਰਟਾ ਸਰਕਾਰ ਵੱਲੋਂ ਸਨਅਤੀ ਕਾਰਬਨ ਟੈਕਸ ਫ਼ਰੀਜ਼ ਕਰਨ ਦਾ ਐਲਾਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਸਰਕਾਰ ਨੇ ਸੂਬੇ ਵਿੱਚ ਇੰਡਸਟਰੀਅਲ ਜਾਂ ਸਨਅਤੀ ਕਾਰਬਨ ਟੈਕਸ ਨੂੰ ਅਣਮਿਥੇ ਸਮੇਂ ਲਈ 95 ਡਾਲਰ ਪ੍ਰਤੀ ਟਨ ਲਈ ਨਿਸ਼ਚਿਤ ਯਾਨੀ ਫ੍ਰੀਜ਼ ਕਰ ਦਿੱਤਾ ਹੈ ਅਤੇ ਹੁਣ ਕਿ ਇਸ ਕਾਰਬਨ ਟੈਕਸ ਵਿੱਚ ਕੋਈ ਵਾਧਾ ਨਹੀਂ ਹੋਵੇਗਾ । ਇਹ ਐਲਾਨ ਕਰਦਿਆਂ ਪ੍ਰੀਮੀਅਰ ਡੈਨੀਅਲ ਸਮਿਥ ਨੇ ਆਖਿਆ ਕਿ ਇਹ ਫੈਸਲਾ ਫੌਰੀ ਤੌਰ ਤੇ ਲਾਗੂ ਕੀਤਾ ਜਾ ਰਿਹਾ ਹੈ ਉਹਨਾਂ ਆਖਿਆ ਕਿ ਅਜਿਹਾ ਕਰਨ ਦਾ ਮਕਸਦ ਉਸ ਵਕਤ ਜਦੋਂ ਕਿ ਕੈਨੇਡਾ ਅਮਰੀਕਾ ਦੇ ਨਾਲ ਟੈਰੀਫਾਂ ਦੀ ਲੜਾਈ ਵਿੱਚ ਰੁਝਿਆ ਹੋਇਆ ਹੈ, ਦੇ ਦੌਰਾਨ ਸੂਬੇ ਦੀ ਇੰਡਸਟਰੀ ਨੂੰ ਮੁਕਾਬਲੇ ਦੇ ਹਾਣ ਦੀ ਬਣਾਉਣਾ ਅਤੇ ਨੌਕਰੀਆਂ ਬਚਾਉਣਾ ਹੈ। ਉਹਨਾਂ ਆਖਿਆ ਕਿ ਅਜਿਹਾ ਕਰਨ ਨਾਲ ਆਇਲ ਅਤੇ ਗੈਸ ਸੈਕਟਰ ਤੋਂ ਇਲਾਵਾ ਇਲੈਕਟਰੀਸਿਟੀ ਅਤੇ ਮੈਨੂਫੈਕਚਰਿੰਗ ਸੈਕਟਰ ਨੂੰ ਵਿੱਤੀ ਤੌਰ ਤੇ ਰਾਹਤ ਮਿਲੇਗੀ ।ਵਰਨਣਯੋਗ ਹੈ ਕਿ ਇੰਡਸਟਰੀ ਉੱਪਰ ਲਗਾਏ ਜਾਣ ਵਾਲੇ ਕਾਰਬਨ ਟੈਕਸ ਵਿੱਚ ਅਗਲੇ ਸਾਲ ਵਾਧਾ ਹੋਣਾ ਸੀ ਅਤੇ ਇਹ ਵਧ ਕੇ 110 ਡਾਲਰ ਪ੍ਰਤੀ ਟਨ ਹੋ ਜਾਣਾ ਸੀ ਅਤੇ ਉਸ ਤੋਂ ਬਾਅਦ 2030 ਤੱਕ ਇਹ ਵੱਧ ਕੇ 170 ਡਾਲਰ ਪ੍ਰਤੀ ਟਨ ਹੋ ਜਾਣਾ ਸੀ। ਅਲਬਰਟਾ ਦੀ ਵਾਤਾਵਰਨ ਮੰਤਰੀ ਰੁਬੇਕਾ ਸ਼ੁਲਜ਼ ਨੇ ਆਖਿਆ ਕਿ ਜੇਕਰ ਇਹ ਟੈਕਸ 100 ਡਾਲਰ ਤੋਂ ਵੱਧ ਜਾਂਦਾ ਤਾਂ ਇਸ ਨਾਲ ਸੂਬੇ ਦੀ ਇੰਡਸਟਰੀ ਨੂੰ ਵੱਡਾ ਨੁਕਸਾਨ ਹੋਣਾ ਸੀ ਅਤੇ ਉਹ ਮੁਕਾਬਲੇ ਤੋਂ ਬਾਹਰ ਹੋ ਸਕਦਾ ਸੀ। ਉਹਨਾਂ ਨੇ ਵੀ ਆਖਿਆ ਕਿ ਇਹ ਜੋ ਇੰਡਸਟ੍ਰੀਅਲ ਕਾਰਬਨ ਟੈਕਸ ਫਰੀਜ ਕੀਤਾ ਗਿਆ ਹੈ ਇਹ ਅਣਮਿੱਥੇ ਸਮੇਂ ਲਈ ਹੋਵੇਗਾ।

## ਵੈਨਕੂਵਰ ਏਅਰਪੋਰਟ 'ਤੇ ਜਹਾਜ਼ ਵਿੱਚ ਬੰਬ ਦੀ ਧਮਕੀ ਮਗਰੋਂ ਤਰਥੱਲੀ

ਸਰੀ (ਪੰਜਾਬੀ ਅਖ਼ਬਾਰ ਬਿਊਰੋ) ਵੈਨਕੂਵਰ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਬੀਤੇ ਦਿਨੀ ਉਸ ਵਕਤ ਹਲਚਲ ਮੱਚ ਗਈ, ਜਦੋਂ ਹਵਾਈ ਅੱਡੇ ਦੇ ਸਟਾਫ਼ ਅਤੇ ਕੁੱਝ ਚੋਣਵੇਂ ਮੀਡੀਆ ਅਦਾਰਿਆਂ ਨੂੰ ਅਣਜਾਣ ਈਮੇਲ ਰਾਹੀਂ ਕੌਮਾਂਤਰੀ ਉਡਾਣ ਲਈ ਤਿਆਰ ਜਹਾਜ਼ ਵਿੱਚ ਬੰਬ ਰੱਖੇ ਹੋਣ ਦੀ ਧਮਕੀ ਮਿਲੀ। ਸੂਚਨਾ ਮਿਲਦੇ ਹੀਪੁਲੀਸ ਤੁਰੰਤ ਹਰਕਤ ਵਿੱਚ ਆਈ ਤੇ ਜਹਾਜ਼ ਨੂੰ ਉਡਾਣ ਭਰਨ ਤੋਂ ਰੋਕ ਲਿਆ। ਨਿਰਧਾਰਿਤ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਜਹਾਜ਼ ਨੂੰ ਖਾਲੀ ਥਾਂ ਲਿਜਾ ਕੇ ਸਵਾਰੀਆਂ ਨੂੰ ਉਤਾਰਨ ਮਗਰੋਂ ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ। ਅਧਿਕਾਰੀ ਨੇ ਉੱਕਤ ਜਾਣਕਾਰੀ ਦਿੰਦੇ ਦੱਸਿਆ ਕਿ ਜਾਂਚ ਮਗਰੋਂ ਬੰਬ ਦੀ ਧਮਕੀ ਝੂਠੀ ਨਿਕਲੀ। ਢਾਈ ਘੰਟੇ ਦੀ ਦੇਰੀ ਨਾਲ ਜਹਾਜ਼ ਨੂੰ ਉਡਾਣ ਭਰਨ ਦੀ ਆਗਿਆ ਦੇ ਦਿੱਤੀ ਗਈ। ਪਰ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਇਹ ਫਲਾਈਟ ਕਿਹੜੇ ਦੇਸ਼ ਵੱਲ ਜਾਣੀ ਸੀ।

## ਸਾਊਦੀ ਅਰਬ ਨੇ ਹਜ਼ਾਰਾਂ ਪਾਕਿਸਤਾਨੀ ਮੰਗਤਿਆਂ ਨੂੰ ਵਾਪਸ ਭੇਜਿਆ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਸਾਲ ਜਨਵਰੀ ਤੋਂ ਹੁਣ ਤੱਕ 5033 ਪਾਕਿਸਤਾਨੀ ਭਿਖਾਰੀਆਂ ਨੂੰ ਸਾਊਦੀ ਅਰਬ ਤੋਂ ਵਾਪਸ ਭੇਜਿਆ ਗਿਆ ਹੈ। ਇਹ ਜਾਣਕਾਰੀ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਪਾਕਿਸਤਾਨ ਸੰਸਦ ਵਿੱਚ ਦਿੱਤੀ। ਉਨ੍ਹਾਂ ਕਿਹਾ ਕਿ ਇਹ ਅੰਕੜਾ ਪਿਛਲੇ 16 ਮਹੀਨਿਆਂ ਦਾ ਹੈ। ਇੰਨਾ ਹੀ ਨਹੀਂ, ਉਨ੍ਹਾਂ ਇਹ ਵੀ ਦੱਸਿਆ ਕਿ ਸਾਊਦੀ ਅਰਬ ਤੋਂ ਇਲਾਵਾ, ਪਾਕਿਸਤਾਨ ਦੇ ਲੋਕ ਭੀਖ ਮੰਗਣ ਲਈ ਮਲੇਸ਼ੀਆ, ਇਰਾਕ, ਯੂਏਈ, -ਮਾਨ ਅਤੇ ਕਤਰ ਵਰਗੇ ਦੇਸ਼ਾਂ ਵਿੱਚ ਵੀ ਜਾਂਦੇ ਹਨ। ਇਹ ਸਾਰੇ ਇਸਲਾਮੀ ਦੇਸ਼ ਹਨ ਅਤੇ ਪਾਕਿਸਤਾਨ ਦੇ ਗਰੀਬ ਲੋਕ ਮਹਿਸੂਸ ਕਰਦੇ ਹਨ ਕਿ ਉਹ ਇੱਥੇ ਭੀਖ ਮੰਗ ਕੇ ਵੀ ਗੁਜ਼ਾਰਾ ਕਰ ਸਕਦੇ ਹਨ। ਸਾਊਦੀ ਅਰਬ ਹਰ ਸਾਲ ਹਜ਼ਾਰਾਂ ਪਾਕਿਸਤਾਨੀ ਭਿਖਾਰੀਆਂ ਨੂੰ ਵਾਪਸ ਭੇਜਦਾ ਹੈ। ਉਨ੍ਹਾਂ ਨੇ ਪਾਕਿਸਤਾਨ ਸਰਕਾਰ ਨੂੰ ਇਨ੍ਹਾਂ ਨੂੰ ਰੋਕਣ ਲਈ ਕਦਮ ਚੁੱਕਣ ਲਈ ਵੀ ਕਿਹਾ ਸੀ।

## ਬਲੋਚ ਆਗੂ ਨੇ ਆਜ਼ਾਦੀ ਦਾ ਤਹੱਈਆ ਦੁਹਰਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬਲੋਚਿਸਤਾਨ ਦੇ ਬਲੋਚ ਪ੍ਰਤੀਨਿਧੀ ਮੀਰ ਯਾਰ ਬਲੋਚ ਨੇ ਪਾਕਿਸਤਾਨ ਤੋਂ ਆਜ਼ਾਦੀ ਦਾ ਐਲਾਨ ਕੀਤਾ ਹੈ। ਇਸ ਖੇਤਰ ਵਿੱਚ ਦਹਾਕਿਆਂ ਤੋਂ ਚੱਲ ਰਹੀ ਹਿੰਸਾ, ਜ਼ਬਰਦਸਤੀ ਲਾਪਤਾ ਕੀਤੇ ਜਾਣ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਹਵਾਲਾ ਦਿੰਦੇ ਹੋਏ ਉਨ੍ਹਾਂ ਐਕਸ 'ਤੇ ਇੱਕ ਪੋਸਟ ਵਿੱਚ, ਕਿਹਾ ਕਿ ਬਲੋਚਿਸਤਾਨ ਦੇ ਲੋਕਾਂ ਨੇ ਆਪਣਾ "ਰਾਸ਼ਟਰੀ ਫੈਸਲਾ" ਦੇ ਦਿੱਤਾ ਹੈ ਅਤੇ ਦੁਨੀਆ ਨੂੰ ਹੁਣ ਚੁੱਪ ਨਹੀਂ ਰਹਿਣਾ ਚਾਹੀਦਾ। ਉਨਾਂ ਕਿਹਾ ਕਿ ਪਾਕਿਸਤਾਨ ਦੇ ਕਬਜ਼ੇ ਵਾਲੇ ਬਲੋਚਿਸਤਾਨ ਵਿੱਚ ਬਲੋਚ ਲੋਕ ਸੜਕਾਂ 'ਤੇ ਹਨ ਅਤੇ ਇਹ ਉਨ੍ਹਾਂ ਦਾ ਰਾਸ਼ਟਰੀ ਫੈਸਲਾ ਹੈ ਕਿ ਬਲੋਚਿਸਤਾਨ ਪਾਕਿਸਤਾਨ ਨਹੀਂ ਹੈ ਅਤੇ ਦੁਨੀਆ ਹੁਣ ਮੂਕ ਦਰਸ਼ਕ ਨਹੀਂ ਬਣ ਸਕਦੀ। " ਬਲੋਚ ਨੇਤਾ ਨੇ ਭਾਰਤੀ ਨਾਗਰਿਕਾਂ, ਖਾਸ ਕਰਕੇ ਮੀਡੀਆ, ਯੂਟਿਊਬਰਾਂ ਅਤੇ ਬੁੱਧੀਜੀਵੀਆਂ ਨੂੰ ਬਲੋਚਾਂ ਨੂੰ "ਪਾਕਿਸਤਾਨ ਦੇ ਆਪਣੇ ਲੋਕ" ਕਹਿਣ ਤੋਂ ਬਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ ਦੇ ਆਪਣੇ ਲੋਕ ਪੰਜਾਬੀ ਹਨ ਜਿਨ੍ਹਾਂ ਨੇ ਕਦੇ ਵੀ ਹਵਾਈ ਬੰਬਾਰੀ, ਜ਼ਬਰਦਸਤੀ ਲਾਪਤਾ ਅਤੇ ਨਸਲਕੁਸ਼ੀ ਦਾ ਸਾਹਮਣਾ ਨਹੀਂ ਕੀਤਾ," ਮੀਰ ਯਾਰ ਬਲੋਚ ਨੇ ਪਾਕਿਸਤਾਨ ਦੇ ਕਬਜ਼ੇ ਵਾਲੇ ਜੰਮੂ ਕਸ਼ਮੀਰ 'ਤੇ ਭਾਰਤ ਦੇ ਸਟੈਂਡ ਦਾ ਵੀ ਪੂਰਾ ਸਮਰਥਨ ਕੀਤਾ। ਉਨ੍ਹਾਂ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ 'ਤੇ ਖੇਤਰ ਖਾਲੀ ਕਰਨ ਲਈ ਦਬਾਅ ਪਾਉਣ।

## 78 ਸਾਲਾ ਬਜ਼ੁਰਗ 12 ਸਾਲਾ ਲੜਕੀ ਨਾਲ ਜਿਸਮਾਨੀ ਛੇੜਛਾੜ ਦੇ ਦੋਸ਼ਾਂ ਵਿੱਚ ਫਸਿਆ

ਟੋਰਾਂਟੋ (ਪੰਜਾਬੀ ਅਖ਼ਬਾਰ ਬਿਊਰੋ) ਓਂਟਾਰੀਓ ਦੇ ਸ਼ਹਿਰ ਬਰੈਮਟਨ ਵਿੱਚ ਇੱਕ 78 ਸਾਲਾ ਪੰਜਾਬੀ ਬਜ਼ੁਰਗ ਨੂੰ ਇੱਕ 12 ਸਾਲ ਤੋਂ ਘੱਟ ਉਮਰ ਦੀ ਲੜਕੀ ਦੇ ਨਾਲ ਜਿਸਮਾਨੀ ਛੇੜਛਾੜ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਪੀਲ ਰੀਜਨਲ ਪੁਲਿਸ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਗਿਫਨ ਫੈਮਲੀ ਪਾਰਕ ਵਿੱਚ ਹਰਮੋਹਿੰਦਰ ਸਿੰਘ ਨਾਮ ਦਾ ਵਿਅਕਤੀ ਤਿੰਨ ਵਾਰ ਇੱਕ 12 ਸਾਲ ਤੋਂ ਘੱਟ ਉਮਰ ਦੀ ਲੜਕੀ ਕੋਲ ਪਹੁੰਚਿਆ ਅਤੇ ਉਸ ਨਾਲ ਜਿਸਮਾਨੀ ਛੇੜਛਾੜ ਕੀਤੀ। ਇਸ ਮਾਮਲੇ ਦੀ ਸ਼ਿਕਾਇਤ ਮਿਲਣ ਤੇ ਪੁਲਿਸ ਵੱਲੋਂ ਹਰਮੋਹਿੰਦਰ ਸਿੰਘ ਨੂੰ ਵੱਖ-ਵੱਖ ਧਾਰਾਵਾਂ ਤਹਿਤ ਗਿਰਫਤਾਰ ਕੀਤਾ ਗਿਆ ਹੈ। ਹਰਮੋਹਿੰਦਰ ਸਿੰਘ ਨੂੰ ਅੱਠ ਮਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਪੁਲਿਸ ਦਾ ਮੰਨਣਾ ਹੈ ਕਿ ਇਸ ਮਾਮਲੇ ਵਿੱਚ ਕਈ ਹੋਰ ਪੀੜਿਤ ਲੜਕੀਆਂ ਵੀ ਹੋ ਸਕਦੀਆਂ ਹਨ ਤੇ ਗਵਾਹ ਵੀ ਹੋ ਸਕਦੇ ਹਨ। ਇਸ ਕਰਕੇ ਪੁਲਿਸ ਨੇ ਆਖਿਆ ਹੈ ਕਿ ਜਿਸ ਕਿਸੇ ਕੋਲ ਵੀ ਇਸ ਵਿਅਕਤੀ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਹੋਵੇ ਤਾਂ ਉਹ ਪੁਲਿਸ ਨਾਲ ਸਾਂਝੀ ਕੀਤੀ ਜਾਵੇ।











